# ਅੰਮ੍ਰਿਤ ਕੀਰਤਨ

ਜਨਵਰੀ 2012



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਅਰਦਾਸ

ਪਰੀ ਪੂਰਨ ਪਰਮਾਤਮਾ ਘਟ ਘਟ ਰਵਿਆ ਜੋਇ,
ਆਦਿ ਸੱਚ ਜੁਗਾਦਿ ਸੱਚ ਹੈ ਭੀ ਹੋਸੀ ਸੋਇ।

ਰਵਿ, ਸਸ, ਬ੍ਰਹਿਮੰਡ, ਗਗਨ, ਧਰਨ, ਵਿਆਪਕ ਰਹਿਆ ਸਬਾਇ,
ਪਰਬਤ, ਸਿੰਧ, ਸਰ ਧਾਵਤਾ, ਬਨ, ਖੰਡ, ਰਹਿਆ ਸਮਾਇ।

ਅੰਡਜ, ਜੇਰਜ, ਉਤਭੁਜ, ਸੇਤਜ, ਸਭੇ ਉਤਪੱਤ ਜਾਨ,
ਸਭ ਦਾ ਹੈ ਪ੍ਰਿਤਪਾਲਕਾ ਉਹ ਪੂਰਨ ਭਗਵਾਨ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

## ਇਸ ਅੰਕ ਵਿਚ

ਮਿਤ੍ਰ ਅਸਾਡੜੇ ਸੇਈ 4

ਕਰਉ ਬੇਨੰਤੀਆ 5

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗੀਤ ਪ੍ਰਬੰਧ
ਡਾ. ਗੁਰਵਿੰਦਰ ਕੌਰ 6

'ਸੰਗੀਤ ਦਾ ਜੜ੍ਹ-ਚੇਤਨ 'ਤੇ ਮਨੋਵਿਗਿਆਨਿਕ ਪ੍ਰਭਾਵ'
ਡਾ. ਰਾਜੇਸ਼ ਸ਼ਰਮਾ 11

ਨਾਦ ਵਿਗਿਆਨ
ਕਰਤਾਰ ਸਿੰਘ ਨੀਲਧਾਰੀ 15

**शोध की प्रक्रिया**
**डॉ. डी. एस. नरूला 17**

ਸੁਰ ਲਿਪੀ - **ਰਾਗ ਬਸੰਤ- ਝਪ ਤਾਲ** 25
**ਸੁਰਲਿਪੀਕਾਰ : ਪ੍ਰੋਫੈਸਰ ਜਬਰਜੰਗ ਸਿੰਘ**

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26

**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

It is because one of my friends forwarded the email that I got into contact with you. I am highly heartened to learn that Sikh guru's message of Kirtan is being spread through Amrit Kirtan magazine. I'm from Mandalay Myanmar and if possible I would like to get pdf file of the magazine so that I can further share it with local sangat here. May Guru bless you more ability to carry on good work that you are doings.

Tony Ravjeet Singh, Secretary All Myanmar Sikh Religious Council, No 428, Corner of 27th & 80th Street, GPO, Mandalay Myanmar, tonyravjeetsingh@gmail.com

Found Your Website Exellent Because Few Days Back Jagir Singh Performed At Our Small Gurudwara In Rohini Farmer Appartment.after Finishing His Kirtan He Said You Should Not Expand Your Gurudwara This Was The Most Touching Comment.he Said Because Nowadays We See Empty Halls Of Gurudwaras.i Will Download All The Shabads Of Jagir Singh Ji And Gurnam Singh Ji.gurnam Singh Ji I Salute You For Your Singing In Rags Because Nowadays Ragis Don't Try To Sing In Rags.i Request(beg) Gurnam Singh Ji If He Can Perform At Our Gurudwara At Rohini(delhi) I Want To Listen Live And Want Some Charandhool Of Such A Gurmukh.please Contact Me At 9312664308 If You Are Coming To Delhi . **Maninder Singh Khalsa, imb.rohini@yahoo.co.in**

ਦਸੰਬਰ ਦੇ ਅੰਮ੍ਰਿਤ ਕੀਰਤਨ ਵਿਚ ਕਰਉ ਬੇਨੰਤੀਆ ਦੇ ਤਹਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਖੰਡ ਪਾਠ ਕਰਵਾਉਣ ਨਾਲੋਂ ਆਪ ਸਹਿਜ ਪਾਠ ਕਰਨਾ ਵਧੇਰੇ ਸਾਰਥਿਕ ਹੈ' ਬਹੁਤ ਅਨਮੋਲ ਵਿਚਾਰ ਹੈ। ਪਰ ਅੱਜ ਕੱਲ੍ਹ ਕਿਸੇ ਕੋਲ ਆਪ ਪਾਠ ਕਰਨ ਦਾ ਟਾਈਮ ਨਹੀਂ ਇਸ ਵਾਸਤੇ ਸਹਿਜ ਪਾਠ ਵੀ ਪਾਠੀਆਂ ਕੋਲੋਂ ਕਰਵਾਉਂਦੇ ਹਨ। ਡਾ. ਜਸਬੀਰ ਕੌਰ ਦਾ ਲੇਖ 'ਗੁਰੂ ਰਾਮ ਦਾਸ ਜੀਵਨ, ਸ਼ਖਸੀਅਤ ਅਤੇ ਸੰਗੀਤਕ ਪਰੰਪਰਾ' ਖੋਜ ਭਰਪੂਰ ਲੇਖ ਸੀ, ਜਬਰਜੰਗ ਸਿੰਘ ਦਾ ਲੇਖ 'ਸ਼ਬਦ ਸੁਰ ਲਿਪੀਕਾਰ ਸ੍ਰ: ਗਿਆਨ ਸਿੰਘ ਐਬਟਾਬਾਦ', ਹਰਜਾਪ ਸਿੰਘ ਔਜਲਾ ਦਾ ਲੇਖ 'ਭਾਈ ਜਵਾਲਾ ਸਿੰਘ ਜੀ ਬਾਰੇ, ਸਵਰਨ ਸਿੰਘ ਭਾਟੀਆ ਦੀ ਕਵਿਤਾ' ਆਦਿ ਸਮੱਗਰੀ ਵਧੀਆ ਸੀ।

ਪ੍ਰੋ: ਮੰਗਤ ਸਿੰਘ ਮਸਤਾਨਾ, ਅਰਾਧਨਾ ਮਿਊਜ਼ਿਕ ਅਕੈਡਮੀ, ਸੰਗਮ ਰੇਡੀਓ ਐਂਡ ਟੀ. ਵੀ. ਕਾਲਿਜ (ਰਜਿ:),
ਜੀ. ਟੀ. ਰੋਡ, ਮਲੋਟ - 152 107, ਮੋਬਾਇਲ : 94637 82514

ਦਸੰਬਰ ਦੇ ਅੰਮ੍ਰਿਤ ਕੀਰਤਨ ਵਿਚ ਭਾਈ ਜਵਾਲਾ ਸਿੰਘ ਜੀ ਬਾਰੇ ਲੇਖ ਜਾਣਕਾਰੀ ਭਰਪੂਰ ਸੀ।

ਸੰਤ ਮੁਕੰਦ ਸਿੰਘ ਕੇਅਰ ਆਫ ਰਣਜੀਤ ਮੋਟਰ ਸਟੋਰ, ਮਲੋਟ

ਦਸੰਬਰ ਦਾ ਅੰਮ੍ਰਿਤ ਕੀਰਤਨ ਬਹੁਤ ਪਸੰਦ ਆਇਆ। ਖਾਸ ਕਰਕੇ ਸੰਤ ਸੁਜਾਨ ਸਿੰਘ ਜੀ, ਸ੍ਰ: ਗਿਆਨ ਸਿੰਘ ਐਬਟਾਬਾਦ ਅਤੇ ਭਾਈ ਜਵਾਲਾ ਸਿੰਘ ਸਾਰੇ ਲੇਖ ਬਹੁਤ ਵਧੀਆ ਸਨ।

ਪ੍ਰੋ: ਐਮ. ਐਸ. ਸਚਦੇਵਾ, ਇੰਡੀਅਨ ਮਿਊਜ਼ਿਕ ਅਕੈਡਮੀ, ਅਬੋਹਰ

## ਕਰਉ ਬੇਨੰਤੀਆ

# ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ

ਮੇਰੇ ਸਤਿਕਾਰ ਯੋਗ ਮਿੱਤਰ ਡਾਕਟਰ ਬਲਜੀਤ ਸਿੰਘ ਹੋਰਾਂ ਨੇ ਆਪਣੇ ਘਰ ਕੀਰਤਨ ਦਾ ਸਮਾਗਮ ਰਚਾਉਣਾ ਸੀ। ਮੈਂ ਪੁਛਿਆ ਕਿ ਇਸ ਸਮਾਗਮ ਦਾ ਮਨੋਰਥ ਕੀ ਹੈ। ਉਹਨਾਂ ਕਿਹਾ ਕਿ ਵਾਹਿਗੁਰੂ ਜੀ ਦਾ ਧੰਨਵਾਦ ਕਰਨਾ ਹੈ। ਭਾਵ ਸ਼ੁਕਰਾਨੇ ਦਾ ਸਮਾਗਮ ਹੈ। ਕੁਝ ਦਿਨਾਂ ਬਾਅਦ ਹੀ ਉਹਨਾਂ ਵੱਲੋ ਜਿਹੜਾ ਕਾਰਡ ਪ੍ਰਾਪਤ ਹੋਇਆ ਉਹ ਸਚਮੁਚ ਨਿਵੇਕਲਾ ਸੀ। ਕਾਰਡ ਉਪਰ ਤੁਕ ਲਿਖੀ ਸੀ–

ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ

ਸਚਮੁਚ ਹੀ ਅਸੀਂ ਵਾਹਿਗੁਰੂ ਵੱਲੋਂ ਪ੍ਰਾਪਤ ਦਾਤਾਂ ਕਰਕੇ ਤਾਂ ਉਸ ਨੂੰ ਯਾਦ ਘਟ ਹੀ ਕਰਦੇ ਹਾਂ ਪਰ ਜਿਹੜੀ ਵਸਤ ਦੀ ਅਣਹੋਂਦ ਮਹਿਸੂਸ ਕਰਦੇ ਹਾਂ ਉਹ ਮੰਗਣ ਜ਼ਰੂਰ ਤੁਰ ਪੈਂਦੇ ਹਾਂ।ਕੋਈ ਕਹਿ ਸਕਦਾ ਹੈ ਕਿ ਮੈਂ ਤਾਂ ਗਰੀਬ ਹਾਂ।ਪਰ ਜੇ ਅਸੀਂ ਪਹਿਲਾਂ ਪ੍ਰਾਪਤ ਦਾਤਾਂ ਦਾ ਧੰਨਵਾਦ ਕਰੀਏ ਤਾਂ ਗਰੀਬੀ ਵੀ ਦੂਰ ਹੋ ਸਕਦੀ ਹੈ। ਧੰਨਵਾਦ ਕਿਹੜੀ ਕਿਹੜੀ ਗੱਲ ਦਾ ਕਰੀਏ, ਸੁਖਮਨੀ ਸਾਹਿਬ ਵਿੱਚ ਕੁਝ ਜਾਚ ਸਿਖਾਈ ਗਈ ਹੈ–

– ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥

– ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥

– ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥

– ਜਿਹ ਪ੍ਰਸਾਦਿ ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥

ਸ਼ਾਇਦ ਗੁਰੂ ਸਾਹਿਬ ਇਸੇ ਲਈ ਉਸ ਪ੍ਰਭੂ ਨੂੰ ਹਰ ਸਮੇਂ ਯਾਦ ਰਖਣ ਦਾ ਉਪਦੇਸ਼ ਦਿੰਦੇ ਹਨ–

ਆਖਾ ਜੀਵਾ ਵਿਸਰੈ ਮਰਿ ਜਾਉ ॥
ਆਖਣਿ ਅਉਖਾ ਸਾਚਾ ਨਾਉ ॥
....ਸੋ ਕਿਉ ਵਿਸਰੈ ਮੇਰੀ ਮਾਇ ॥
ਸਾਚਾ ਸਾਹਿਬੁ ਸਾਚੈ ਨਾਇ ॥੧॥

ਡਾਕਟਰ ਬਲਜੀਤ ਸਿੰਘ ਹੋਰਾਂ ਵੱਲੋਂ ਦਰਸਾਏ ਸ਼ਬਦ ਨੂੰ ਵਾਚਣਾ ਵੀ ਲਾਹੇਵੰਦ ਹੋਵੇਗਾ

ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥
ਸੋ ਕਿਉ ਬਿਸਰੈ ਜਿ ਕੀਆ ਜਾਨੈ ॥
ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥
ਸੋ ਕਿਉ ਬਿਸਰੈ ਜਿ ਜੀਵਨ ਜੀਆ ॥
ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥
ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥
ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥
ਜਨਮ ਜਨਮ ਕਾ ਟੂਟਾ ਗਾਢੈ ॥
ਗੁਰਿ ਪੂਰੈ ਤਤੁ ਇਹੈ ਬੁਝਾਇਆ ॥
ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥੪॥

**ਨਵਾਂ ਸਾਲ ਮੁਬਾਰਕ**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗੀਤ-ਪ੍ਰਬੰਧ

ਡਾ. ਗੁਰਵਿੰਦਰ ਕੌਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗੀਤ-ਪ੍ਰਬੰਧ ਲਾਸਾਨੀ (**unique)** ਹੈ ਅਤੇ ਇਸ 'ਤੇ ਅਧਾਰਿਤ ਗੁਰਬਾਣੀ ਕੀਰਤਨ ਦੀ ਪਰੰਪਰਾ ਵੀ ਭਾਰਤੀ ਸੰਗੀਤ ਦੇ ਖੇਤਰ ਵਿਚ ਵਿਲੱਖਣ ਸਥਾਨ ਰੱਖਦੀ ਹੈ। ਭਾਰਤੀ ਸੰਗੀਤ ਕਲਾ ਦੇ ਸੰਦਰਭ ਵਿਚ ਇਸ ਨੂੰ ਗੁਰਮਤਿ ਸੰਗੀਤ ਦਾ ਨਾਂ ਦਿੱਤਾ ਗਿਆ ਹੈ ਜੋ ਪੂਰਨ ਰੂਪ ਵਿਚ ਅਧਿਆਤਮਿਕ ਸੰਗੀਤ ਪੱਧਤੀ ਹੈ। ਗੁਰਮਤਿ ਸੰਗੀਤ ਅਕਾਲ ਪੁਰਖ ਦੀ ਆਪਣੀ ਭਾਸ਼ਾ ਹੈ ਜਿਸ ਵਿਚ, ਮਨ ਨੂੰ ਵੱਸ ਵਿਚ ਕਰਨ ਅਤੇ ਆਤਮਿਕ ਖੇੜਾ ਲਿਆਉਣ ਦੀ ਪੂਰਣ ਸਮਰੱਥਾ ਹੈ। ਵਿਗਿਆਨਕਾਂ ਦੀ ਖੋਜ ਅਨੁਸਾਰ ਸੰਗੀਤ੧ ਦਾ ਜਾਦੂਮਈ ਪ੍ਰਭਾਵ ਸਰਬ ਵਿਆਪਕ ਹੋਣ ਕਰਕੇ ਕੋਈ ਵੀ ਮਨੁੱਖ, ਪਸ਼ੂ, ਪੰਛੀ, ਬਨਸਪਤੀ, ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ। ਸ਼ਾਇਦ ਇਸੇ ਲਈ ਗੁਰੂ ਸਾਹਿਬਾਨਾਂ ਅਤੇ ਹੋਰ ਬਾਣੀਕਾਰਾਂ ਨੇ ਸੰਗੀਤ ਨੂੰ ਪ੍ਰਭੂ ਮਿਲਾਪ ਦਾ ਸਾਧਨ ਮੰਨ ਕੇ ਆਪਣੇ ਰੂਹਾਨੀ ਪੈਗ਼ਾਮ ਦੇ ਸੰਚਾਰ ਦਾ ਮਾਧਿਅਮ ਬਣਾਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਗੀਤ ਨੂੰ ਮਹਤੱਵਪੂਰਣ ਸਥਾਨ ਦੇ ਕੇ ਇਸ ਦੀ ਗੌਰਵਤਾ ਨੂੰ ਵਧਾ ਦਿੱਤਾ ਹੈ।

ਇਹ ਸਰਵ-ਪ੍ਰਮਾਣਿਤ ਤੱਥ ਹੈ ਕਿ ਗੁਰਬਾਣੀ ਵਿਚ ਕਾਵਿ-ਕਲਾ ਅਤੇ ਸੰਗੀਤ-ਕਲਾ ਦਾ ਸੁੰਦਰ ਸੁਮੇਲ ਹੋਇਆ ਹੈ। ਪ੍ਰੋ. ਤਾਰਾ ਸਿੰਘ ਦੇ ਸ਼ਬਦਾਂ ਵਿਚ, "ਗੁਰੂ ਸਾਹਿਬਾਨ ਨੇ ਗੁਰਬਾਣੀ ਤੇ ਸੰਗੀਤ ਨੂੰ ਇਕ ਦੂਜੇ ਨਾਲ ਜੋੜ ਕੇ ਵਿਸਮਾਦੀ ਆਨੰਦ ਪ੍ਰਦਾਨ ਕਰਾਇਆ ਹੈ... ਸ਼ਬਦ ਤੇ ਧੁਨੀ ਦਾ ਸੰਜੋਗ ਸਤਿ ਤੇ ਸ਼ਿਵ ਦਾ ਸੁੰਦਰ ਸੁਮੇਲ ਬਣ ਜਾਂਦਾ ਹੈ ਜਿਸ ਨਾਲ ਸ੍ਰੋਤੇ ਦੇ ਹਿਰਦੇ ਵਿਚ ਬਾਣੀ ਦਾ ਪ੍ਰਭਾਵ ਸਿੱਧਾ ਜਾ ਪ੍ਰਵੇਸ਼ ਕਰਦਾ ਹੈ ਅਤੇ 'ਸੁਣਤੇ ਪੁਨੀਤ ਕਹਤੇ ਪਵਿਤੁ' ਵਾਲੀ ਦਸ਼ਾ ਤਾਰੀ ਹੋ ਜਾਂਦੀ ਹੈ।"[੨] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦ ਅਤੇ ਸੰਗੀਤ ਦਾ ਸੰਜੋਗ ਹੋਣ ਕਾਰਨ ਇਸ (ਗ੍ਰੰਥ) ਨੂੰ ਵਿਸ਼ਵ ਧਰਮਾਂ ਦੇ ਧਰਮ-ਗ੍ਰੰਥਾਂ (scriptures) ਵਿਚ (ਕਾਵਿ ਅਤੇ ਸੰਗੀਤ ਦੇ ਪੱਖ ਤੋਂ) ਸਰਵ-ਉੱਚ ਸਥਾਨ ਪ੍ਰਾਪਤ ਹੈ। 'ਪਰਤਖਿ ਹਰਿ' ਪੰਚਮ ਗੁਰੂ ਇਕ ਮਹਾਨ ਸੰਗੀਤਕਾਰ ਸਨ ਜਿਨ੍ਹਾਂ ਨੇ ਸਮੁੱਚੀ ਮਾਨਵਤਾ ਦੇ ਭਲੇ ਨੂੰ ਮੁੱਖ ਰੱਖ ਕੇ 'ਧੁਰ ਕੀ ਬਾਣੀ'(ਜੋ ਕਾਵਿ-ਰੂਪ ਵਿਚ ਹੈ) ਨੂੰ ਸੰਗੀਤ ਦੇ ਸੁਰ ਤਾਲ ਵਿਚ ਪਾ ਕੇ ਸਰਬ-ਸਾਂਝੇ ਧਰਮ ਗ੍ਰੰਥ ('ਆਦਿ ਗ੍ਰੰਥ ਸਾਹਿਬ') ਦੀ ਸੰਪਾਦਨਾ ਕੀਤੀ ਅਤੇ ਇਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਕੀਤਾ। ਆਪ ਜੀ ਨੇ ਇਸ ਪਵਿੱਤਰ ਗ੍ਰੰਥ ਨੂੰ 'ਪੋਥੀ ਪਰਮੇਸ਼ਰ ਕਾ ਥਾਨੁ' ਆਖਕੇ ਸਨਮਾਨ ਦਿੱਤਾ ਅਤੇ ਨਾਲ ਹੀ ਸ਼ਬਦ ਕੀਰਤਨ ਦੀ ਪਰੰਪਰਾ ਚਲਾਈ ਜੋ ਵਰਤਮਾਨ ਸਮੇਂ ਤੱਕ ਨਿਰੰਤਰ ਜਾਰੀ ਹੈ ਤੇ ਹਮੇਸ਼ਾਂ ਹੀ ਰਹੇਗੀ। ਵਿਸ਼ੇਸ਼ਤਾ ਇਹ ਹੈ ਕਿ ਇੱਥੇ ਰਾਗੀ ਸਿੰਘਾਂ ਦੁਆਰਾ ਨਿਰਧਾਰਤ ਰਾਗਾਂ ਵਿਚ ਰਸ-ਭਿੰਨਾ ਇਲਾਹੀ (ਸੰਗੀਤਮਈ) ਕੀਰਤਨ ਕੀਤਾ ਜਾਂਦਾ ਹੈ ਜਿਸ ਦੀ ਮਹਿਮਾ ਅਪਰੰਪਾਰ ਹੈ। ਇਸ ਲਈ ਇਹ ਕਹਿਣਾ ਸਹੀ ਹੋਵੇਗਾ ਕਿ ਸ੍ਰੀ ਹਰਿਮੰਦਰ ਸਾਹਿਬ ਹੀ ਉਹ ਪਵਿੱਤਰ ਅਸਥਾਨ ਹੈ ਜਿਸ ਬਾਰੇ ਗੁਰਬਾਣੀ ਵਿਚ ਜ਼ਿਕਰ ਆਇਆ ਹੈ:

ਸੋ ਅਸਥਾਨੁ ਬਤਾਵਹੁ ਮੀਤਾ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ॥(ਪੰਨਾ ੩੯੫)

ਇਸ ਅਸਥਾਨ ਤੋਂ ਹੀ ਅਸੀਂ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਜੀ (ਜੋ ਸਾਡੇ ਸਤਿਗੁਰੂ ਹਨ), ਦਾ ਪਵਿੱਤਰ ਹੁਕਮ (ਗੁਰ ਵਾਕ) ਸ਼ਰਧਾ ਪੂਰਵਕ ਸ਼੍ਰਵਣ ਕਰਦੇ ਹਾਂ। ਉਂਜ ਵੀ ਗੁਰਸਿੱਖ ਰੋਜ਼ਾਨਾ 'ਗੁਰੂ ਮਹਾਰਾਜ' ਦਾ ਹੁਕਮ ਲੈ ਕੇ ਆਪਣੇ ਹਰ ਦਿਨ ਦੀ ਸ਼ੁਰੂਆਤ ਕਰਨ ਵਿਚ ਆਪਣੇ ਆਪ ਨੂੰ ਸੁਭਾਗੇ ਸਮਝਦੇ ਹਨ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਹਰ ਗੁਰ ਵਾਕ ਦਾ ਆਰੰਭ ਰਾਗ ਦੇ ਸੰਕੇਤ ਨਾਲ ਹੁੰਦਾ ਹੈ ਜਿਵੇਂ, ਆਸਾ ਕਬੀਰ ਜੀ, ਸੋਰਠਿ ਮਹਲਾ ੫, ਰਾਗ ਸੂਹੀ ਛੰਤ ੧, ਆਦਿ। ਆਸਾ, ਸੋਰਠਿ, ਰਾਗ ਸੂਹੀ ਛੰਤ, ਆਦਿ ਦਾ ਸੰਬੰਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਗੀਤ-ਪ੍ਰਬੰਧ ਨਾਲ ਹੈ। ਇਸ ਵਿਸ਼ੇ ਨੂੰ ਅਸਾਂ ਹੱਥਲੇ ਲੇਖ ਦੇ ਪਹਿਲੇ ਭਾਗ ਵਿਚ ਵਿਚਾਰਨ ਦਾ ਯਤਨ ਕਰਨਾ ਹੈ ਤੇ ਦੂਜੇ ਭਾਗ ਵਿਚ ਗੁਰਬਾਣੀ ਕੀਰਤਨ ਬਾਰੇ ਵਿਚਾਰ ਕਰਨੀ ਹੈ।

ਵਿਸ਼ਾ ਆਰੰਭ ਕਰਨ ਤੋਂ ਪਹਿਲਾਂ ਰਾਗ ਤੇ ਰਾਗ ਦੇ ਪ੍ਰਭਾਵ ਦੀ ਗੱਲ ਕਰਨੀ ਜਰੂਰੀ ਜਾਪਦੀ ਹੈ। ਭਾਈ ਕਾਨ੍ਹ ਸਿੰਘ ਲਿਖਦੇ ਹਨ, "ਜਿਸ ਨੂੰ ਸੁਣ ਕੇ ਚਿੱਤ ਵਿਚ ਪ੍ਰਸੰਨਤਾ ਅਤੇ ਪ੍ਰੀਤਿ ਉਤਪੰਨ ਹੋਵੇ, ਉਸ ਦਾ ਨਾਉਂ ਰਾਗ ਹੈ...ਰਾਗ ਵਿਚ ਗਾਈ ਹੋਈ ਬਾਣੀ ਚਿੱਤ ਉੱਤੇ ਭਾਰੀ ਅਸਰ ਕਰਦੀ ਹੈ, ਅਰ ਸ਼੍ਰੋਤਾ ਦੀ ਵ੍ਰਿੱਤਿ ਨੂੰ ਆਪਣੀ ਤਰਫ ਖਿੱਚ ਲੈਂਦੀ ਹੈ, ਇਸ ਲਈ ਸਤਯ ਉਪਦੇਸ਼ ਮਈ ਬਾਣੀ ਰਾਗ ਵਿਚ ਆਲਾਪਣੀ ਗੁਰੂ ਸਾਹਿਬ ਨੇ ਵਿਧਾਨ ਕੀਤੀ ਹੈ।"[੩] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤੇ ਰਾਗਾਂ ਦੇ ਸੁਰ-ਤਾਲ ਐਨੇ ਰਸ-ਭਿੰਨੇ ਹਨ ਕਿ ਕੰਨਾਂ ਵਿਚ ਗੁਰਬਾਣੀ ਕੀਰਤਨ ਦੀ ਅਵਾਜ਼ ਪੈਂਦਿਆ ਹੀ ਮਨ ਨੂੰ ਤ੍ਰਿਪਤੀ ਅਤੇ ਸ਼ਾਂਤੀ ਮਿਲਦੀ ਹੈ ਤੇ (ਕੁਝ ਪਲਾਂ ਲਈ) ਇਉਂ ਜਾਪਦਾ ਹੈ ਕਿ ਮਨ ਵਿਸਮਾਦਿਤ ਹੋ ਕੇ ਕਿਸੇ ਰੂਹਾਨੀ ਮੰਡਲ ਵਿਚ ਵਿਚਰ ਰਿਹਾ ਹੈ। ਬੇਸ਼ਕ ਭਾਸ਼ਾ ਤੇ ਰਾਗਾਂ ਸੰਬੰਧੀ ਕਿਸੇ ਨੂੰ ਕੋਈ ਜਾਣਕਾਰੀ ਨਾ ਵੀ ਹੋਵੇ ਤਾਂ ਵੀ ਆਤਮਿਕ ਹੁਲਾਰਾ ਦੇਣ ਵਾਲੇ ਸੰਗੀਤ ਨੂੰ ਬਾਰ ਬਾਰ ਸੁਣਨ ਲਈ ਮਨ

ਤਾਂਘੰਦਾ ਹੈ। ਦੱਸਦੇ ਹਨ ਕਿ ਇਕ ਅੰਗਰੇਜ (ਇੰਗਲੈਂਡ ਨਿਵਾਸੀ ਜੇਮਜ਼) ਜੋ ਨਾਸਤਿਕ ਸੀ ਤੇ ਪੰਜਾਬੀ ਵੀ ਨਹੀਂ ਸੀ ਸਮਝਦਾ, ਸ੍ਰੀ ਹਰਿਮੰਦਰ ਸਾਹਿਬ ਆਇਆ ਤਾਂ ਇੱਥੋਂ ਦੇ ਪਵਿੱਤਰ ਵਾਤਾਵਰਣ ਤੇ 'ਹਰਿ-ਕੀਰਤਨ' ਦੀ ਧੁਨੀ ਦੇ ਮਿਕਨਾਤੀਸੀ ਅਸਰ ਕਾਰਨ ਉਸ ਦੀਆਂ ਅੱਖਾਂ ਵਿਚੋਂ ਆਪ ਮੁਹਾਰੇ ਅੱਥਰੂ ਵਗਣ ਲੱਗੇ, ਉਸ ਦਾ ਸਿਰ ਗੁਰੂ ਦਰਬਾਰ ਵਿਚ ਝੁਕ ਗਿਆ ਤੇ ਕਹਿ ਉੱਠਿਆ ਇਹ ਕੀਰਤਨ ਅਦੁੱਤੀ ਤੇ ਅਸਮਾਨੀ ਹੈ, ਇਸ ਵਿਚ ਰੱਬ ਦੀ ਛੁਹ ਹੈ। ਪਾਠਕ ਜੀ, ਇਹ ਹੈ ਗੁਰਬਾਣੀ ਕੀਰਤਨ ਦਾ ਅਦੁੱਤੀ ਪ੍ਰਭਾਵ ਜਿਸ ਵਿਚ ਪੱਥਰਾਂ ਨੂੰ ਪਿਘਲਾਉਣ ਅਤੇ ਨਾਸਤਿਕਾਂ ਨੂੰ ਆਸਤਿਕ ਬਣਾਉਣ ਦੀ ਸ਼ਕਤੀ ਹੈ।(ਗੁਰਬਾਣੀ ਕੀਰਤਨ ਦੇ ਜਾਦੂਈ ਪ੍ਰਭਾਵ ਬਾਰੇ ਬਾਅਦ ਵਿਚ ਵਿਚਾਰਾਂਗੇ)

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗੀਤ-ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਗੀਤ-ਪ੍ਰਬੰਧ ਨੂੰ ਸਮਝਣ ਲਈ ਬਾਣੀ ਦੀ ਅੰਦਰਲੀ ਤਰਤੀਬ ਨੂੰ ਹੇਠ ਲਿਖੇ ਚਾਰਟ ਰਾਹੀਂ ਸਮਝਦੇ ਹਾਂ:

'ਤਤਕਰਾ ਰਾਗਾਂ ਕਾ' ਸਿਰਲੇਖ ਅਧੀਨ ਦਰਜ ਬਾਣੀਆਂ ਦੀ ਤਰਤੀਬ

| | | | |
|---|---|---|---|
| ਨਿਤਨੇਮ ਦੀਆਂ ਬਾਣੀਆਂ | | | |
| ੧. ਜਪੁ- | ੧ | ੨. ਸੋ ਦਰੁ- | ੮ |
| ੩. ਸੋ ਪੁਰਖੁ- | ੧੦ | ੪. ਸੋਹਿਲਾ- | ੧੨ |
| ਰਾਗਾਂ ਅਧੀਨ ਦਰਜ ਬਾਣੀਆਂ | | | |
| ੧. ਸਿਰੀ ਰਾਗੁ- | ੧੪ | ੨. ਰਾਗੁ ਮਾਝ- | ੯੪ |
| ੩. ਰਾਗੁ ਗਉੜੀ- | ੧੫੧ | ੪. ਰਾਗੁ.ਆਸਾ- | ੩੪੭ |
| ੫. ਰਾਗੁ ਗੂਜਰੀ- | ੪੮੯ | ੬. ਰਾਗੁ ਦੇਵਗੰਧਾਰੀ- | ੫੨੭ |
| ੭. ਰਾਗੁ ਬਿਹਾਗੜਾ- | ੫੩੭ | ੮. ਰਾਗੁ ਵਡਹੰਸੁ- | ੫੫੭ |
| ੯. ਰਾਗੁ ਸੋਰਠਿ- | ੫੯੫ | ੧੦. ਰਾਗੁ ਧਨਾਸਰੀ- | ੬੬੦ |
| ੧੧. ਰਾਗੁ ਜੈਤਸਰੀ- | ੬੯੬ | ੧੨. ਰਾਗੁ ਟੋਡੀ- | ੭੧੧ |
| ੧੩. ਰਾਗੁ ਬੈਰਾੜੀ- | ੭੧੯ | ੧੪. ਰਾਗੁ ਤਿਲੰਗ- | ੭੨੧ |
| ੧੫. ਰਾਗੁ ਸੂਹੀ- | ੭੨੮ | ੧੬. ਰਾਗੁ ਬਿਲਾਵਲੁ- | ੭੯੫ |
| ੧੭. ਰਾਗੁ ਗੋਂਡ- | ੮੫੯ | ੧੮. ਰਾਗੁ ਰਾਮਕਲੀ- | ੮੭੬ |
| ੧੯. ਰਾਗੁ ਨਟ ਨਾਰਾਇਨ- | ੯੭੫ | ੨੦. ਰਾਗੁ ਮਾਲੀ ਗਉੜਾ- | ੯੮੪ |
| ੨੧. ਰਾਗੁ ਮਾਰੂ- | ੯੮੯ | ੨੨. ਰਾਗੁ ਤੁਖਾਰੀ- | ੧੧੦੭ |
| ੨੩. ਰਾਗੁ ਕੇਦਾਰਾ- | ੧੧੧੮ | ੨੪. ਰਾਗੁ ਭੈਰਉ- | ੧੧੨੫ |
| ੨੫. ਰਾਗੁ ਬਸੰਤ- | ੧੧੬੮ | ੨੬. ਰਾਗੁ ਸਾਰਗ- | ੧੧੯੭ |
| ੨੭. ਰਾਗੁ ਮਲਾਰ- | ੧੨੫੪ | ੨੮. ਰਾਗੁ ਕਾਨੜਾ- | ੧੨੯੪ |
| ੨੯. ਰਾਗੁ ਕਲਿਆਨ- | ੧੩੧੯ | ੩੦. ਰਾਗੁ ਪ੍ਰਭਾਤੀ- | ੧੩੨੭ |
| ੩੧. ਰਾਗੁ ਜੈਜਾਵੰਤੀ- | ੧੩੫੨ | | |
| ਰਾਗ ਮੁਕਤ ਬਾਣੀਆਂ | | | |
| ੧. ਸਲੋਕ ਸਹਸਕ੍ਰਿਤੀਮਹਲਾ ੧- | ੧੩੫੩ | ੨. ਸਲੋਕ ਸਹਸਕ੍ਰਿਤੀ ਮਹਲਾ ੫- | ੧੩੫੩ |
| ੩. ਗਾਥਾ- | ੧੩੬੦ | ੪. ਫੁਨਹੇ ਮਹਲਾ ੫- | ੧੩੬੧ |
| ੫. ਚਉਬੋਲੇ ਮਹਲਾ ੫- | ੧੩੬੩ | ੬. ਸਲੋਕ ਭਗਤ ਕਬੀਰ ਜੀਉ ਕੇ- | ੧੩੬੪ |
| ੭. ਸਲੋਕ ਸੇਖ ਫਰੀਦ ਕੇ- | ੧੩੭੭ | ੮. ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫- | ੧੩੮੫ |
| ੯. ਭੱਟਾਂ ਦੇ ਸਵਈਏ- | ੧੩੮੯ | ੧੦. ਸਲੋਕ ਵਾਰਾਂ ਤੇ ਵਧੀਕ- | ੧੪੧੦ |
| ੧੧. ਸਲੋਕ ਮਹਲਾ ੯- | ੧੪੨੬ | ੧੨. ਮੁੰਦਾਵਣੀ ਮਹਲਾ ੫- | ੧੪੨੯ |
| ੧੩. ਰਾਗ ਮਾਲਾ- | ੧੪੨੯ | | |

ਉਪਰੋਕਤ ਸੂਚੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੰਨਾ ੧੪ (ਸਿਰੀ ਰਾਗ) ਤੋਂ ਪੰਨਾ ੧੩੫੨ (ਰਾਗੁ ਜੈਜਾਵੰਤੀ) ਤੱਕ ੩੧ ਰਾਗਾਂ ਅਧੀਨ ਦਰਜ ਹੈ। (ਉਂਜ ਨੋਟ ਕਰਨ ਵਾਲੀ ਗੱਲ ਇਹ ਹੈ ਕਿ 'ਜਪੁ' ਬਾਣੀ ਦੇ ਉੱਪਰ ਕੋਈ ਰਾਗ ਨਹੀਂ ਲਿਖਿਆ ਹੋਇਆ ਜਦੋਂ ਕਿ 'ਸੋ ਦਰੁ', 'ਸੋ ਪੁਰਖੁ' ਤੇ 'ਸੋਹਿਲਾ' ਅਧੀਨ ਅੰਕਿਤ ਸ਼ਬਦਾਂ ਦੇ ਉਪੱਰ ਵੀ ਰਾਗਾਂ ਦੇ ਨਾਂ ਜਿਵੇਂ ਰਾਗ ਆਸਾ, ਰਾਗ ਗਉੜੀ, ਆਦਿ ਲਿਖੇ ਹੋਏ ਹਨ) ਇਹਨਾਂ ੩੧ ਰਾਗਾਂ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ੧੯ ਰਾਗਾਂ ਵਿਚ, ਸ੍ਰੀ ਗੁਰੂ ਅਮਰਦਾਸ ਜੀ ਦੀ ੧੭ ਰਾਗਾਂ ਵਿਚ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ੩੦-੩੦ ਰਾਗਾਂ ਵਿਚ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ੧੫ ਰਾਗਾਂ ਵਿਚ ਬਾਣੀ ਦਰਜ ਹੈ। ੩੧ ਵੇਂ ਰਾਗ ਜੈਜਾਵੰਤੀ ਦੀ ਵਰਤੋਂ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਕੀਤੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੇਵਲ ਸਲੋਕਾਂ ਵਿਚ ਬਾਣੀ ਉਚਾਰਨ ਕੀਤੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਨਾਲ ਦਰਜ ਹਨ। ਭਗਤ ਕਬੀਰ ਜੀ ਅਤੇ ਭਗਤ ਨਾਮਦੇਵ ਜੀ ਦੀ ੧੮ ਰਾਗਾਂ ਵਿਚ, ਭਗਤ ਰਵਿਦਾਸ ਜੀ ਦੀ ੧੬ ਰਾਗਾਂ ਵਿਚ, ਭਗਤ ਤ੍ਰਿਲੋਚਨ ਜੀ ਅਤੇ ਭਗਤ ਬੇਣੀ ਜੀ ਦੀ ੩-੩ ਰਾਗਾਂ ਵਿਚ, ਭਗਤ ਜੈ ਦੇਵ ਜੀ, ਭਗਤ ਧੰਨਾ ਜੀ ਅਤੇ ਸ਼ੇਖ ਫਰੀਦ ਜੀ ਦੀ ੨-੨ ਰਾਗਾਂ ਵਿਚ ਬਾਣੀ ਦਰਜ ਹੈ। ਭਗਤ ਰਾਮਾਨੰਦ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ ਅਤੇ ਭਗਤ ਸੂਰਦਾਸ ਜੀ ਦੇ ੧-੧ ਰਾਗ ਵਿਚ ਸ਼ਬਦ ਆਏ ਹਨ। ਹੋਰ ਬਾਣੀਕਾਰਾਂ ਵਿਚੋਂ ਸਤਾ ਤੇ ਬਲਵੰਡ ਜੀ, ਭਾਈ ਮਰਦਾਨਾ ਜੀ ਤੇ ਬਾਬਾ ਸੁੰਦਰ ਜੀ ਦੀਆਂ ਰਚਨਾਵਾਂ ੧-੧ ਰਾਗ ਹੇਠਾਂ ਦਰਜ ਹਨ ਪਰ ਗਿਆਰਾਂ ਭੱਟਾਂ ਦੇ ਸਵਈਏ (ਪੰਨਾ ੧੩੮੯ ਤੋਂ ੧੪੦੯ ਤੱਕ) ਰਾਗ-ਮੁਕਤ ਬਾਣੀ ਵਿਚ ਸ਼ਾਮਲ ਕੀਤੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰਲੇ ਪੰਨਿਆਂ (੧੪੨੯-੩੦) ਤੇ 'ਰਾਗ ਮਾਲਾ' ਅੰਕਿਤ ਹੈ ਜਿਸ ਦੀਆਂ ਅੰਤਲੀਆਂ ਤੁਕਾਂ ਹਨ:

ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ॥
ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ॥ (ਪੰਨਾ ੧੪੩੦)

ਸੰਗੀਤ ਦੇ ਮਾਹਿਰਾਂ ਅਨੁਸਾਰ, 'ਰਾਗ ਮਾਲਾ' ਵਿਚ ਦਰਸਾਏ ਰਾਗਾਂ ਦੀ ਗਿਣਤੀ ਪੂਰੇ ਰਾਗ ਪਰਵਾਰ {੬ ਰਾਗ (ਖਸਟ ਰਾਗ) + ੩੦ ਰਾਗਣੀਆਂ (ਰਾਗਨੀ ਤੀਸ) ੩੦ ਰਾਗਣੀਆਂ + ੪੮ ਪੁੱਤਰ}ਨੂੰ ਮਿਲਾ ਕੇ ਕੁੱਲ ੮੪ ਬਣਦੀ ਹੈ। ਬੇਸ਼ਕ ਕੁਝ ਵਿਦਵਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਨੂੰ ਦੋ ਸੰਗੀਤ ਪੱਧਤੀਆਂ- ਹਿੰਦੁਸਤਾਨ ਸੰਗੀਤ ਪੱਧਤੀ ਅਤੇ ਦੱਖਣੀ ਸੰਗੀਤ ਪੱਧਤੀ 'ਤੇ ਆਧਾਰਤ ਮੰਨਿਆਂ ਹੈ ਪਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਗ ਰਤਨਾਵਲੀ' ਅਨੁਸਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਰਾਗਾਂ ਦਾ ਸੰਗੀਤ ਭਾਰਤੀ ਸਨਾਤਨੀ ਰਾਗ ਪਰੰਪਰਾ ਨਾਲੋਂ ਭਿੰਨ ਹੈ। ਇਸ ਵਿਚ ਆਏ ਕੁਝ ਰਾਗਾਂ ਦਾ ਸੁਰ ਬਿਲਕੁਲ ਨਵਾਂ ਹੈ, ਜੋ ਭਾਰਤੀ ਸੰਗੀਤ ਸ਼ਾਸਤ੍ਰ ਨੂੰ ਵੱਡੀ ਦੇਣ ਹੈ। ਇਸ ਵਿਚਲੇ ਰਾਗ ਪ੍ਰਬੰਧ ਨੇ ਭਾਰਤੀ ਰਾਗ ਵਿਦਿਆ ਦੀ ਸੰਸਕ੍ਰਿਤੀ ਨੂੰ ਕੇਵਲ ਸੰਭਾਲਿਆ ਹੀ ਨਹੀਂ ਸਗੋਂ ਮਹਾਨ ਯੋਗਦਾਨ ਪਾਇਆ ਹੈ।'੪

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਦੀ ਤਰਤੀਬ ਦੇ ਸੰਦਰਭ ਵਿਚ ਪ੍ਰਿੰ. ਸਤਿਬੀਰ ਸਿੰਘ ਦੇ ਇਹ ਸ਼ਬਦ ਵਿਚਾਰਨ ਯੋਗ ਹਨ- "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਅਜਿਹੀ ਤਰਤੀਬ ਰੱਖੀ ਹੈ ਕਿ ਆਤਮਿਕ ਜਗਤ ਦਾ ਢੂੰਡਾਊ ਜੀਵ ਰਾਗਾਂ ਵਿਚੋਂ ਦੀ ਲੰਘਦਾ ਤੇ ਵਿਚਰਦਾ ਸਫ਼ਲਤਾ ਦੀ ਸੀੜ੍ਹੀ (ਪੌੜੀ) ਚੜ੍ਹ ਜਾਂਦਾ ਹੈ। ਨਿਰੋਲ ਨਵੀਨ ਰਾਗ ਪ੍ਰਣਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਸ ਪ੍ਰਣਾਲੀ ਦਾ ਕੋਈ ਸੰਬੰਧ ਕਿਸੇ ਸ਼ਾਸਤਰੀ, ਵੈਸ਼ਨਵ, ਭਾਰਤੀ ਜਾਂ ਇਸਲਾਮੀ ਪ੍ਰਥਾ ਨਾਲ ਨਹੀਂ। ਸਿਰਫ਼ ਇਹ ਜਾਣਨ ਤੇ ਸਮਝਣ ਨਾਲ ਹੈ ਕਿ ਪਹਿਲਾ ਰਾਗ ਸਿਰੀ ਰਾਗੁ ਕਿਉਂ ਹੈ ਅਤੇ ਅੰਤਲਾ ਰਾਗ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਭਾਤੀ ਕਿਉਂ ਰੱਖਿਆ? ਨਿਰੋਲ ਨਵੀਨਤਾ ਦਾ ਪਤਾ ਲੱਗ ਜਾਏਗਾ। 'ਪ੍ਰਥਮ ਰਾਗ ਭੈਰਉ ਵੈ ਕਰਹੀ' ਦਾ ਆਦੇਸ਼ ਰਾਗਮਾਲਾ ਵਿਚ ਹੈ ਪਰ ਇਥੇ ਪਹਿਲ 'ਸਿਰੀ' ਨੂੰ ਹੈ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਤਲਾ ਰਾਗ ਪ੍ਰਭਾਤੀ ਰੱਖਿਆ ਹੈ।... ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਹ ਹੋਕਾ ਦੇ ਰਹੇ ਹਨ ਕਿ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਆਏ, ਗੁਣਾਂ ਦੀ ਸ਼ਾਮ ਪੈ ਗਈ ਸੀ। ਲੰਮੀ ਰਾਤ ਅੱਗੋਂ ਦਿਸ ਰਹੀ ਸੀ। ਹੱਥ ਨੂੰ ਹੱਥ ਦਿਖਾਈ ਨਹੀਂ ਸੀ ਦਿੰਦਾ। ਨਾ ਕੋਈ ਦੀਵਾ ਤੇ ਨਾ ਹੀ ਕੋਈ ਰਾਹ ਦਾ ਚਾਨਣ ਟੁਰਨ ਲੱਗਿਆਂ, ਕਿਉਂਕਿ ਦੀਵਾ ਨਹੀਂ ਬਾਲਿਆ। ਦੀਵਾ ਨਹੀਂ ਬਲਦਾ ਬਗੈਰ ਤੇਲ ਦੇ ਅਤੇ ਲਾਟ ਨਹੀਂ ਨਿਕਲਦੀ ਬਿਨਾਂ ਵੱਟੀ ਤੋਂ। ਭਉ ਦੀ ਵੱਟੀ, ਸ਼ਬਦ ਰੂਪੀ ਤੇਲ ਅਤੇ ਸੱਚ ਦੀ ਤੀਲ੍ਹੀ ਬਾਲਿਆਂ ਰਾਹ ਰੋਸ਼ਨ ਹੋ ਜਾਂਦਾ ਹੈ। ਲੰਮੀ ਉਮਰ ਰੂਪੀ ਰਾਤ ਵਿਚ ਜੋ-ਜੋ ਵੀ ਜਗਿਆਸੂ ਨਾਲ ਬੀਤਣੀ ਹੈ, ਉਸ ਨੂੰ ਰਾਗਾਂ ਦੀ ਨਿਰਾਲੀ ਤਰਤੀਬ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾ ਦਿੱਤਾ ਹੈ।...ਬਾਣੀ ਪੜ੍ਹਦਿਆਂ ਮੇਰਾ ਯਕੀਨ ਹੁੰਦਾ ਹੈ ਕਿ ਜੇਕਰ ਕਿਸੇ ਸ਼ਬਦ ਦੇ ਭਾਵ ਦਾ ਪਤਾ ਵੀ ਨਾ ਲੱਗੇ ਤਾਂ ਕੇਵਲ ਇਹ ਮਾਲੂਮ ਹੋ ਜਾਣ ਤੇ ਕਿ ਕਿਸੇ ਰਾਗ ਦਾ ਸ਼ਬਦ ਹੈ ਤਾਂ ਭਾਵ-ਅਰਥ ਪ੍ਰਗਟ ਹੋ ਜਾਵੇਗਾ ਕਿਉਂਕਿ ਰਾਗ ਦਾ ਅਰਥ ਵੀ ਇਹ ਹੈ, ਜੋ ਮਨ ਨੂੰ ਕਿਸੇ ਭਾਵ ਵਿਚ ਲਿਜਾ ਕੇ ਰੰਗ ਦੇਵੇ। ਹੋਰ, ਹਰ ਰਾਗ ਦਾ ਸੁਭਾਗ, ਰਾਗ ਦੇ ਪਹਿਲੇ ਸ਼ਬਦ ਵਿਚ ਹੈ ਜੋ ਰਾਗ ਦਾ ਸਰੂਪ ਸੰਗੀਤ-ਵੇਤਿਆਂ ਨੇ ਮਿਥਿਆ, ਉਸ ਨੂੰ ਸ਼ਬਦ ਵਿਚੋਂ ਦੀ ਢੂੰਡਿਆਂ ਜਾ ਸਕਦਾ ਹੈ। ਜ਼ਰਾ ਗਹੁ ਨਾਲ ਦੇਖਿਆਂ ਇਹ ਰਹੱਸ ਖੁੱਲ੍ਹਣਾ ਆਰੰਭ ਹੋ ਜਾਏਗਾ।... ਬਸ ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਗੁਰੂ ਪਾਤਿਸ਼ਾਹ ਨੇ ਰਾਗਾਂ ਨੂੰ ਨਵੀਂ ਨੁਹਾਰ, ਨਵਾਂ ਮੋੜ ਤੇ ਨਵਾਂ ਗਾਇਨ ਰੂਪ ਦੇ ਕੇ ਵੱਡਾ ਪਸਾਰਾ ਪਾ ਕੇ, ਆਤਮਿਕ ਠੰਡ ਪ੍ਰਾਪਤ ਕਰਨ ਦਾ ਹਥਿਆਰ ਬਣਾਇਆ। ਬਾਬਰ ਨੇ ਆਪਣੀ 'ਤੁਜ਼ਕਿ' ਵਿਚ ਲਿਖਿਆ ਸੀ ਕਿ ਇਰਾਨ, ਇਰਾਕ, ਮੱਕਾ, ਮਦੀਨਾ, ਬਗਦਾਦ ਅਤੇ ਅਫ਼ਗਾਨਿਸਤਾਨ ਗਾਂਦੇ ਲੋਕੀਂ ਸੁਣੇ ਹਨ

ਪਰ ਉੱਤਰੀ ਹਿੰਦੁਸਤਾਨ ਦਾ ਰਾਗ ਅਤਿ ਉਚੇਰੀ ਪੱਧਰ ਦਾ ਹੈ। ਬਾਬਰ ਨੇ ਅੱਖੀਂ ਬਾਬੇ ਦੇ ਗਾਇਨ ਦਾ ਚਮਤਕਾਰ ਸੈਦਪੁਰ ਡਿੱਠਾ ਸੀ। ਰਾਗਾਂ ਦੀ ਚੋਣ ਤੋਂ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਗੁਰੂ ਪਾਤਿਸ਼ਾਹ ਨੇ ਇਹ ਸੰਭਾਲਾਂ ਵੀ ਰੱਖੀਆਂ ਕਿ ਕੋਈ ਭੜਕੀਲਾ ਤੇ ਸੋਗਮਈ ਰਾਗ ਨਾ ਵਰਤਿਆ ਜਾਵੇ। ਹਿਰਦੇ ਵਿਚ 'ਸਹਜ ਸ਼ਾਂਤ ਸੁਖ' ਉਪਜਾਉਣ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਰਚਿਆ ਸੀ ਅਤੇ ਰਾਗ ਵੀ ਅਜਿਹੇ ਹੀ ਲਏ।"੫

ਸੰਗੀਤਕ ਦ੍ਰਿਸ਼ਟੀ ਤੋਂ ਵਿਚਾਰਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਅਧੀਨ ਦਰਜ ਬਾਣੀ ਦੀ ਇਹ ਵਿਸ਼ੇਸ਼ਤਾ ਹੈ ਕਿ ਸ਼ਬਦ ਜਿਸ ਰਾਗ ਦੇ ਅੰਤਰਗਤ ਦਰਜ ਹੈ, ਉਸ ਦਾ ਸੁਭਾਅ ਰਾਗ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ। ਇਸ ਦੇ ਸਿੱਟੇ ਵਜੋਂ, ਨਿਰਧਾਰਿਤ ਰਾਗ ਵਿਚ ਕੀਰਤਨ ਕਰਨ ਨਾਲ ਸੁਭਾਵਕ ਹੀ ਸ਼ਬਦ ਦੇ ਭਾਵ ਹੋਰ ਉੱਘੜ ਕੇ ਸਾਹਮਣੇ ਆ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਗੀਤ-ਪ੍ਰਬੰਧ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਅਤੇ ਰਾਗ ਵਿਚ ਅੰਤਰੀਵੀ ਸਾਂਝ ਹੈ। ਗੁਰਬਾਣੀ ਵਿਚ ਹੇਠ ਲਿਖੇ ਕੁਝ ਰਾਗਾਂ ਦੀ ਪਰਿਭਾਸ਼ਾ, ਸਰੂਪ ਤੇ ਭਾਵਾਂ ਸੰਬੰਧੀ ਆਏ ਸੰਕੇਤ ਵਿਚਾਰਨ ਯੋਗ ਹਨ:

-ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥ (ਪੰਨਾ ੮੩)

-ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥ (ਪੰਨਾ ੩੧੧)

-ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥ (ਪੰਨਾ ੫੧੬)

-ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿ ਧਾਰਿ॥ (ਪੰਨਾ ੫੮੫)

-ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥ (ਪੰਨਾ ੮੪੯)

- ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥ (ਪੰਨਾ੮੪੯)

-ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥ (ਪੰਨਾ ੯੫੦)

-ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥ (ਪੰਨਾ ੧੪੧)

-ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥ (ਪੰਨਾ ੧੪੨੫)

-ਬਨਸਪਤਿ ਮਉਲੀ ਚੜਿਆ ਬਸੰਤੁ॥ (ਪੰਨਾ ੧੧੭੬)

-ਬਸੰਤੁ ਚੜਿਆ ਫੂਲੀ ਬਨਰਾਇ॥ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥ (ਪੰਨਾ ੧੧੯੩)

-ਮਲਾਰੁ ਸੀਤਲ ਰਾਗੁ ਹੈ ਹਰਿ ਧਿਆਈਐ ਸਾਂਤਿ ਹੋਇ॥ (ਪੰਨਾ ੧੨੮੩)

-ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ॥ (ਪੰਨਾ ੧੨੮੫)

-ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ॥ (ਪੰਨਾ ੧੦੮੭)

-ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ॥ (ਪੰਨਾ ੧੪੨੫)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੇ ਨਾਲ ਸਮੇਂ ਦੇ ਸੰਬੰਧ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ ਕਿਉਂਕਿ ਰਾਗ ਅਤੇ ਸਮੇਂ ਦਾ ਆਪਸ ਦੇ ਵਿਚ ਅਟੁੱਟ ਸੰਬੰਧ ਹੈ। ਭਾਰਤੀ ਪਰੰਪਰਾ ਅਨੁਸਾਰ ਹਰ ਰਾਗ ਦੇ ਗਾਇਨ ਦਾ ਮੌਸਮ ਤੇ ਸਮਾਂ ਨਿਸਚਿਤ ਹੈ। ਸੰਗੀਤਕਾਰਾਂ ਦਾ ਮੰਨਣਾ ਹੈ ਕਿ ਸਿਰੀ ਰਾਗ ਸ਼ਾਮ ਨੂੰ, ਰਾਗ ਆਸਾ ਤੇ ਤੁਖਾਰੀ ਸਵੇਰ ਵੇਲੇ, ਸੋਰਠਿ ਰਾਗ ਰਾਤ ਦੇ ਦੂਜੇ ਪਹਿਰ, ਰਾਗ ਬਿਹਾਗੜਾ ਅੱਧੀ ਰਾਤ ਦੇ ਸਮੇਂ, ਰਾਗ ਮਾਲੀ ਗਉੜਾ ਦਿਨ ਢਲਣ ਸਮੇਂ ਤੀਜੇ ਤੇ ਚੌਥੇ ਪਹਿਰ, ਮਾਰੂ ਰਾਗ ਤੀਜੇ ਪਹਿਰ, ਰਾਗ ਮਲਾਰ (ਬਰਖਾ ਰੁੱਤ ਦਾ ਰਾਗ) ਰਾਤ ਸਮੇਂ, ਕਾਨੜਾ ਰਾਗ ਰਾਤ ਦੇ ਪਹਿਲੇ ਪਹਿਰ, ਰਾਗ ਪ੍ਰਭਾਤੀ (ਇਸ ਦੇ ਨਾਂ ਤੋਂ ਹੀ ਪਤਾ ਲਗਦਾ ਹੈ) ਸਵੇਰੇ ਅਤੇ ਰਾਗ ਜੈਜਾਵੰਤੀ ਰਾਤ ਦੇ ਦੂਜੇ ਪਹਿਰ ਗਾਏ ਜਾਣ ਵਾਲੇ ਰਾਗ ਹਨ।

ਇਸੇ ਤਰ੍ਹਾਂ, ਹਰ ਰਾਗ ਦਾ ਸੰਬੰਧ ਕਿਸੇ ਇਲਾਕੇ ਦੇ ਵਿਸ਼ੇਸ਼ ਸਭਿਆਚਾਰ ਅਤੇ ਕਬੀਲੇ ਨਾਲ ਵੀ ਹੈ। ਜਿਵੇਂ, ਰਾਗ ਮਾਝ ਪੰਜਾਬ ਦੇ ਮਾਝੇ ਇਲਾਕੇ ਵਿਚ ਪ੍ਰਚਲਿਤ ਸੰਗੀਤਕ ਅਤੇ ਲੋਕ ਧੁਨਾਂ ਤੋਂ ਉਪਜਿਆ ਹੋਣ ਕਰਕੇ ਨਿਰੋਲ ਪੰਜਾਬੀ ਰਾਗ ਹੈ, ਰਾਗ ਗੁਜਰੀ ਗੁੱਜਰ ਲੋਕਾਂ ਦਾ, ਸੂਹੀ ਸੂਫੀਆਂ ਦਾ ਪਿਆਰਾ ਰਾਗ ਮੰਨਿਆਂ ਗਿਆ ਹੈ। ਆਸਾ ਤੇ ਤਿਲੰਗ ਮੁਸਲਮਾਨਾਂ ਦੇ ਮਨ ਭਾਉਂਦੇ ਰਾਗ ਕਹੇ ਜਾਂਦੇ ਹਨ। ਰਾਮਕਲੀ ਜੋਗੀਆਂ ਦਾ ਪਿਆਰਾ ਰਾਗ ਜਾਣਿਆ ਜਾਂਦਾ ਹੈ ਜਿਸ ਰਾਗ ਦੁਆਰਾ ਜੋਗੀਆਂ ਦਾ ਵਾਤਾਵਰਣ ਤੇ ਜੀਵਨ-ਜਾਚ ਉੱਭਰੀ ਹੈ।

ਸੰਗੀਤ ਦੇ ਵਿਸ਼ੇਸ਼ਗਾਂ ਦੀ ਰਾਇ ਹੈ ਕਿ ਹਰ ਇਕ ਰਾਗ ਦਾ ਰਸ ਤੇ ਪ੍ਰਭਾਵ ਵੀ ਨਿਸਚਿਤ ਹੈ। ਜਿਵੇਂ ਰਾਗ ਆਸਾ ਦਾ ਸਾਰਾ ਮਾਹੌਲ ਹੀ ਆਸ਼ਾਵਾਦੀ ਹੈ। ਰਾਗ ਬਿਹਾਗੜਾ ਖ਼ਾਮੋਸ਼ੀ ਦੇ ਮਾਹੌਲ ਵਿਚ ਗਾਇਆ ਜਾਣ ਵਾਲਾ ਇਕ ਮਧੁਰ ਰਾਗ ਹੈ, ਜੋ ਕਿ ਰਾਤ ਨੂੰ

ਜੁਦਾਈ ਅਤੇ ਵਿਯੋਗ ਦਾ ਅਹਿਸਾਸ ਕਰਾਉਂਦਾ ਹੋਇਆ ਪ੍ਰਭੂ-ਮਿਲਾਪ ਦੀ ਸਿੱਕ ਪੈਦਾ ਕਰਦਾ ਹੈ। ਬਿਲਾਵਲ ਖੁਸ਼ੀ ਦਾ ਰਾਗ ਹੈ ਅਤੇ ਰਾਮਕਲੀ ਕਰੁਣਾ ਦਾ ਰਾਗ ਹੈ। ਰਾਗ ਪ੍ਰਭਾਤੀ ਦੇ ਗਾਉਣ ਨਾਲ ਮਨ ਪ੍ਰਸੰਨ ਹੋ ਕੇ ਸਹਿਜ ਅਵਸਥਾ ਵਿਚ ਆਉਂਦਾ ਹੈ ਅਤੇ ਟਿਕਾਉ ਪਾਉਂਦਾ ਹੈ। ਗੁਰਬਾਣੀ ਵਿਚ ਭਾਵਾਂ ਦਾ ਪ੍ਰਗਟਾਵਾ ਕਰਨ ਲਈ ਵਰਤੀ ਗਈ ਸ਼ਬਦਾਵਲੀ ਵੀ ਰਾਗ ਤੇ ਰੁੱਤ ਦੇ ਅਨੁਕੂਲ ਹੈ। ਉਦਾਹਰਣ ਦੇ ਤੌਰ ਤੇ 'ਰਾਗ ਬਸੰਤ ਵਿਚ ਅਧਿਕ ਸ਼ਬਦਾਵਲੀ ਬਸੰਤ ਰੁੱਤ ਵਾਲੀ ਹੈ- ਬਨਸਪਤ ਮਉਲੀ, ਪੇਡ, ਸਾਖਾ, ਫੁਲ, ਫਲ ਤੇ ਹਰਿਆ। ਇਸੇ ਤਰ੍ਹਾਂ ਮਲਾਰ ਅਤੇ ਸਾਰੰਗ ਵਰਖਾ ਰੁੱਤ ਦੇ ਰਾਗ ਹਨ ਤਾਂ ਇਹਨਾਂ ਰਾਗਾਂ ਦੇ ਅੰਤਰਗਤ ਸ਼ਬਦਾਂ ਦੇ ਭਾਵ ਤੇ ਸ਼ਬਦਾਵਲੀ ਸਰਵਰ, ਕਮਲ, ਚਾਤ੍ਰਿਕ, ਘਨਹਰ ਘੋਰ, ਬਬੀਹਾ, ਕੋਇਲ, ਮੀਨ, ਰੁਣਝੁਣ ਸਾਵਣ ਹੈ। ਇਸੇ ਤਰ੍ਹਾਂ ਕਾਲ ਨਾਲ ਸੰਬੰਧਿਤ ਰਾਗ, ਜਿਹਾ ਕਿ ਪ੍ਰਭਾਤੀ ਵਿਚ ਚਾਨਣ, ਹਨੇਰ, ਜੋਤਿ, ਦੀਵਾ ਜਿਹੀ ਸ਼ਬਦਾਵਲੀ ਵਰਤੀ ਗਈ ਹੈ।'੬ ਇਸ ਤਰ੍ਹਾਂ ਸਪਸ਼ਟ ਹੋਇਆ ਕਿ ਹਰ ਰਾਗ ਵਿਚ ਰਚੀ ਗਈ ਬਾਣੀ ਵਿਚ ਸ਼ਬਦਾਂ, ਅਲੰਕਾਰਾਂ ਤੇ ਰਸਾਂ ਦੀ ਚੋਣ ਉਸ ਰਾਗ ਦੇ ਸੁਭਾ ਅਨੁਸਾਰ ਰੱਖੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਲੇਖਾਂ ਵਿਚ ਸੰਗੀਤਕ ਸੰਕੇਤ ਵਜੋਂ '<u>ਘਰੁ</u>' (੧ ਤੋਂ ੧੭ ਤੱਕ) ਸ਼ਬਦ ਦੀ ਵਰਤੋਂ ਹੋਈ ਹੈ ਜੋ ਤਾਲ-ਪ੍ਰਬੰਧ ਦਾ ਸੰਕੇਤ ਹੈ। ਗੁਰਬਾਣੀ ਦੇ ਸ਼ਬਦਾਂ ਵਿਚ '<u>ਰਹਾਉ</u>' (ਇਸ ਵਿਚ ਸ਼ਬਦ ਦਾ ਕੇਂਦਰੀ ਭਾਵ ਦਿੱਤਾ ਹੁੰਦਾ ਹੈ) ਦੀ ਵਰਤੋਂ ਹੋਈ ਹੈ ਜੋ ਸੰਗੀਤ ਦੇ ਪੱਖ ਤੋਂ ਕੀਰਤਨ ਵਿਚ 'ਸਥਾਈ' ਦਾ ਕਾਰਜ ਕਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਚ ਸ਼ਾਸਤ੍ਰੀ-ਸੰਗੀਤ ਦੇ ਨਾਲ <u>ਲੋਕ-ਸੰਗੀਤ ਤੇ ਲੋਕ-ਕਾਵਿ</u> ਦੇ ਅਨੇਕਾਂ ਰੂਪ ਜਿਵੇਂ- ਪਹਰੇ (ਸਿਰੀ ਰਾਗ), ਵਣਜਾਰਾ (ਮਾਝ), ਪਟੀ (ਆਸਾ), ਬਿਰਹੜੇ (ਆਸਾ), ਅਲਾਹੁਣੀਆਂ (ਵਡਹੰਸ), ਘੋੜੀਆਂ (ਵਡਹੰਸ), ਥਿਤੀ (ਬਿਲਾਵਲ), ਆਰਤੀ (ਧਨਾਸਰੀ), ਕਾਫੀ (ਸੂਹੀ), ਲਾਵਾਂ (ਸੂਹੀ) ਅੰਜੁਲੀ (ਮਾਰੂ), ਬਾਰਹਮਾਹ (ਮਾਝ ਤੇ ਤੁਖਾਰੀ), ਆਦਿਕ ਅਪਣਾਏ ਗਏ ਹਨ। ਇਹਨਾਂ ਲੋਕ-ਸ਼ੈਲੀਆਂ ਤੋਂ ਬਿਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੨੨ ਵਾਰਾਂ ਦਰਜ ਹਨ। ਇਹਨਾਂ ਵਿਚੋਂ ੯ ਵਾਰਾਂ ਨੂੰ ਪ੍ਰਸਿੱਧ ਪ੍ਰਾਚੀਨ ਲੋਕ-ਵਾਰਾਂ ਦੀ ਧੁਨਿ ਤੇ ਗਾਉਣ ਦਾ ਸੰਕੇਤ ਦਿੱਤਾ ਗਿਆ ਹੈ- ਵਾਰ ਮਾਝ (ਮਲਕ ਮੁਰੀਦ ਤਥਾ ਚੰਦਹੜਾ ਸੋਹੀਆ ਕੀ ਧੁਨਿ), ਵਾਰ ਆਸਾ- ਟੁੰਡੇ ਅਸ ਰਾਜੇ ਕੀ ਧੁਨਿ, ਵਾਰ ਗਉੜੀ- ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ, ਵਾਰ ਗੂਜਰੀ- ਸਿਕੰਦਰ ਬਿਰਾਹਮ ਕੀ ਵਾਰ ਦੀ ਧੁਨਿ, ਵਾਰ ਵਡਹੰਸ- ਲਲਾ ਬਹਿਲੀਮਾ ਕੀ ਧੁਨਿ, ਵਾਰ ਰਾਮਕਲੀ- ਜੋਧੈ ਵੀਰੈ ਪੂਰਬਾਣੀ ਕੀ ਧੁਨਿ, ਵਾਰ ਸਾਰੰਗ- ਰਾਇ ਮਹਮੇ ਹਸਨੇ ਕੀ ਧੁਨਿ, ਵਾਰ ਮਲਾਰ- ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ਅਤੇ ਵਾਰ ਕਾਨੜਾ- ਮੂਸੇ ਕੀ ਵਾਰ ਕੀ ਧੁਨਿ। ਇਹ ਧੁਨੀਆਂ ਸੰਕੇਤ ਦਿੰਦੀਆਂ ਹਨ ਕਿ ਗੁਰੂ ਕਾਲ ਵਿਚ ਵਾਰਾਂ ਗਾਉਣ ਦੀਆਂ ਖਾਸ-ਖਾਸ ਲੋਕ-ਰੀਤਾਂ ਪ੍ਰਚਲਤ ਸਨ ਤੇ ਇਹਨਾਂ ਰੀਤਾਂ ਉੱਤੇ ਹੀ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਧਿਆਤਮਿਕ ਵਾਰਾਂ ਨੂੰ ਗਾਉਣ ਦਾ ਸੰਕੇਤ ਦਿੱਤਾ ਹੈ।

ਉਪਰ ਕੀਤੀ ਵਿਚਾਰ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਸੰਗੀਤ ਦਾ ਵਿਰਸਾ ਬਹੁਤ ਅਮੀਰ ਹੈ। ਵਿਸ਼ਵ ਦੇ ਸੰਗੀਤਕ ਇਤਿਹਾਸ ਵਿਚ ਇਸ ਦਾ ਵਿਲੱਖਣ ਸਰੂਪ ਹੈ। ਰਾਗ-ਵਿਦਿਆ ਦੇ ਪ੍ਰਬੀਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੇਸ਼ਕ ਭਾਰਤੀ ਸੰਗੀਤ ਪਰੰਪਰਾ ਵਿਚੋਂ ਰਾਗ ਅਪਣਾਏ ਹਨ ਪਰ ਉਹਨਾਂ ਦਾ ਸਰੂਪ ਤੇ ਸਮਾਂ ਆਪਣੇ ਅਧਿਆਤਮਕ ਚਿੰਤਨ ਅਨੁਸਾਰ ਨਿਸ਼ਚਿਤ ਕੀਤਾ ਹੈ। ਜਿਵੇਂ ਭਾਰਤੀ ਰਾਗ-ਪਰੰਪਰਾ ਅਨੁਸਾਰ 'ਸਿਰੀ' ਸ਼ਾਮ ਦਾ ਤੇ 'ਪ੍ਰਭਾਤੀ' ਸਵੇਰ ਦਾ ਰਾਗ ਹੈ ਪਰ ਆਪ ਜੀ ਨੇ ਭਾਰਤੀ ਪਰੰਪਰਾ ਦੇ ਵਿਰੁੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵਿਚ ਪਹਿਲਾ ਰਾਗ 'ਸਿਰੀ' ਅਤੇ ਅੰਤਲਾ 'ਪ੍ਰਭਾਤੀ' ਰੱਖਿਆ ਹੈ।

ਪਦ ਟਿਪਣੀਆਂ ਤੇ ਹਵਾਲੇ:


੧. ਸੰਗੀਤ ਸੰ. ਸੰ-ਗੀਤ. ਸੰਗੀਤ-ਨ੍ਰਿਤ, ਗਾਯਨ ਅਤੇ ਬਜਾਉਣਾ. ਇਨ੍ਹਾਂ ਤਿੰਨਾਂ ਦਾ ਸਮੁਦਾਯ। ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ ੨੪੧.

੨. ਗੁਰੂ ਅਮਰਦਾਸ ਰਾਗ ਰਤਨਾਕਰ, ਪੰਨੇ ੧੨-੧੩

੩. ਗੁਰੁਮਤ ਮਾਰਤੰਡ, ਭਾਗ ਦੂਜਾ, ਪੰਨਾ ੭੯੮-੯੯.

੪. ਵੇਖੋ ਹਵਾਲਾ, ਗੁਰਮਤਿ ਪ੍ਰਕਾਸ਼, ਜੂਨ ੨੦੦੬.

੫. ਸੱਚਖੰਡ ਪੱਤਰ, ਅਕਤੂਬਰ ੨੦੦੫, ਪੰਨਾ ੧੮-੨੮.

੬. ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ ੨੫੨.



VPO Sular, Distt. Patiala-147001 Mob.: 9814538288



ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# 'ਸੰਗੀਤ ਦਾ ਜੜ੍ਹ-ਚੇਤਨ 'ਤੇ ਮਨੋਵਿਗਿਆਨਿਕ ਪ੍ਰਭਾਵ'

**ਡਾ. ਰਾਜੇਸ਼ ਸ਼ਰਮਾ**

ਸੰਗੀਤ ਇੱਕ ਅਜਿਹੀ ਨਾਦ ਵਿੱਦਿਆ ਹੈ, ਜਿਸ ਦਾ ਸ੍ਰਵਨ ਕਰਨ ਨਾਲ ਮਨੁੱਖ ਆਪਣੇ ਸਾਰੇ ਦੁੱਖ-ਤਕਲੀਫਾਂ ਨੂੰ ਭੁੱਲ ਜਾਂਦਾ ਹੈ ਅਤੇ ਉਸ ਦੇ ਹਿਰਦੇ ਵਿੱਚ ਖੁਸ਼ੀ ਦੀ ਨਵੀਂ ਲਹਿਰ ਦੌੜ ਉਠਦੀ ਹੈ। ਆਪਣੀ ਬੁੱਧੀ ਦਾ ਪ੍ਰਯੋਗ ਉਚਿਤ ਢੰਗ ਨਾਲ ਕਰਨ ਕਰਕੇ ਹੀ ਮਨੁੱਖ ਦੂਜੇ ਪ੍ਰਾਣੀਆਂ ਤੋਂ ਉੱਤਮ ਮੰਨਿਆ ਜਾਂਦਾ ਹੈ। ਇਹ ਸੰਗੀਤ ਦੀ ਮਨੋ ਵਿਗਿਆਨਿਕਤਾ ਹੀ ਹੈ ਕਿ ਜਿਸ ਤਰ੍ਹਾਂ ਦਾ ਸੰਗੀਤ ਮਨੁੱਖ ਸੁਣਦਾ ਹੈ ਉਸ ਦੇ ਅੰਦਰ ਉਸੇ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸੰਗੀਤ ਮਨੁੱਖ ਨੂੰ ਹਸਾ ਸਕਦਾ ਹੈ, ਰੁਆ ਸਕਦਾ ਹੈ ਹਿਰਦੇ ਵਿੱਚ ਅਨੰਦ ਦੀਆਂ ਤਰੰਗਾਂ ਪੈਦਾ ਕਰ ਸਕਦਾ ਹੈ ਅਤੇ ਮਨੁੱਖ ਨੂੰ ਸ਼ੋਕ, ਗੰਭੀਰ ਅਵਸਥਾ ਵਿੱਚ ਵੀ ਲਿਜਾ ਸਕਦਾ ਹੈ। ਸੰਗੀਤ ਦੀ ਮੌਲਿਕਤਾ ਇਸੇ ਵਿੱਚ ਹੈ ਕਿ ਇਸ ਦਾ ਪ੍ਰਭਾਵ ਨਾ ਕੇਵਲ ਮਨੁੱਖ ਉੱਤੇ ਬਲਕਿ ਪਸ਼ੂ ਪੰਛੀਆਂ ਅਤੇ ਬਨਸਪਤਿ ਉੱਤੇ ਵੀ ਵਿਸਤਰਿਤ ਰੂਪ ਵਿੱਚ ਪੈਂਦਾ ਹੈ। ਕੋਮਲ ਤੇ ਕਠੋਰਤਾਵਾਂ ਵਾਲਾ ਮਨੁੱਖ ਹੋਵੇ ਤੇ ਭਾਵੇਂ ਭਿਆਨਕ ਤੋਂ ਭਿਆਨਕ ਜਾਨਵਰ ਹੈ ਰੁੱਖ ਜਾਂ ਛੋਟਾ ਜਿਹਾ ਪੌਦਾ ਹੋਵੇ ਸੰਗੀਤ ਦੇ ਪ੍ਰਭਾਵ ਤੋਂ ਪ੍ਰਭਾਵਿਤ ਹੋਵੇ ਬਿਨਾਂ ਨਹੀਂ ਰਹਿ ਸਕਦੇ।

ਭਾਰਤ ਵਿੱਚ ਸੰਗੀਤ ਕਲਾ ਦਾ ਪ੍ਰਯੋਗ ਮਨ ਪਰਚਾਵੇ ਦੇ ਲਈ ਹੀ ਨਹੀਂ ਬਲਕਿ ਅਧਿਆਤਮਿਕ ਪਰਿਪੇਖ ਵਿੱਚ ਵੀ ਵਧੇਰੇ ਕੀਤਾ ਜਾਂਦਾ ਹੈ। ਪ੍ਰਾਚੀਨ ਕਾਲ ਤੇ ਧਿਆਨ ਮਾਰਨ ਤੇ ਹੀ ਕੁੱਝ ਅਜਿਹੀਆਂ ਉਦਾਹਰਨਾਂ ਸਾਹਮਣੇ ਆਉਂਦੀਆਂ ਹਨ ਜਿਥੋਂ ਇਸ ਦਾ ਅਧਿਆਤਮਿਕ ਸੰਬੰਧ ਪਤਾ ਲਗਦਾ ਹੈ। ਜਿਵੇਂ ਮਾਤਾ 'ਸਰਸਵਤੀ' ਦੇ ਹੱਥ ਵਿੱਚ 'ਵੀਣਾ' ਦਾ ਹੋਣਾ 'ਸ਼ੰਕਰ' ਭਗਵਾਨ ਦੇ ਹੱਥ ਵਿੱਚ ਡਮਰੂ ਦਾ ਹੋਣਾ 'ਨਾਰਦ ਮੁਨੀ' ਦੇ ਹੱਥ ਵਿੱਚ ਇੱਕ ਤਾਰੇ ਦਾ ਹੋਣਾ ਆਦਿ/ਮੱਧ ਕਾਲ ਵਿੱਚ ਸੂਰਦਾਸ, ਮੀਰਾਂ ਬਾਈ ਦੇ ਹੱਥ ਵਿੱਚ ਖੜ੍ਹਤਾਲਾਂ, ਬਾਬਾ ਨਾਨਕ ਜੀ ਦੇ ਨਾਲ ਮਰਦਾਨੇ ਦਾ 'ਰਬਾਬ' ਤੇ ਸੰਗਤ ਕਰਨਾ ਅਤੇ ਸਮੁੱਚੀ ਬਾਣੀ ਨੂੰ ਰਾਗ ਅੰਦਰ ਨਿਬੱਧ ਕਰਨਾ ਸੰਗੀਤ ਦੇ ਅਧਿਆਤਮਿਕ ਸਰੂਪ ਨੂੰ ਦਰਸਾਉਂਦਾ ਹੈ। ਸਾਡੇ ਭਾਰਤੀ ਦਰਸ਼ਨ ਸ਼ਾਸਤਰ ਵਿੱਚ ਨਾਦ ਯੋਗ ਨੂੰ ਹੀ ਮੁਕਤੀ ਦਾ ਸਾਧਨ ਮੰਨਿਆ ਜਾਂਦਾ ਹੈ।

### ਸੰਗੀਤ ਦਾ ਮਨੁੱਖ ਦੇ ਜੀਵਨ ਤੇ ਪ੍ਰਭਾਵ

ਸੰਗੀਤ ਮਨੁੱਖ ਦੇ ਜੀਵਨ ਵਿੱਚ ਇੰਝ ਰਚਮਿਚ ਗਿਆ ਹੈ ਕਿ ਇਸ ਤੋਂ ਬਿਨਾਂ ਜੀਵਨ ਦੀ ਕੋਈ ਵੀ ਖੁਸ਼ੀ ਅਧੂਰੀ ਲੱਗਦੀ ਹੈ। ਬੱਚੇ ਦੇ ਜਨਮ ਤੋਂ ਲੈ ਕੇ ਮਨੁੱਖ ਦੀ ਅੰਤਿਮ ਯਾਤਰਾ ਤੱਕ ਸੰਗੀਤ ਮਨੁੱਖ ਦੇ ਜੀਵਨ ਦਾ ਇੱਕ ਅਟੁੱਟ ਹਿੱਸਾ ਹੈ। ਜਿਥੇ ਬੱਚੇ ਨੂੰ ਮਾਂ ਮਿੱਠੀ ਲੋਰੀ ਗਾ ਕੇ ਸੁਵਾਂਦੀ ਹੈ ਉਥੇ ਵੀਰ ਗਾਥਾ ਸੁਣਾ ਕੇ ਬਹਾਦਰ ਬਣਾਉਂਦੀ ਹੈ। ਜਿਥੇ ਵਿਆਹ ਸ਼ਾਦੀ ਦੇ ਉੱਤੇ ਘੋੜੀਆਂ ਤੇ ਸੁਹਾਗ ਗਾਏ ਜਾਂਦੇ ਹਨ ਉਥੇ ਗਮੀ ਦੇ ਮੌਕੇ ਅਲਾਹੁਣੀਆ ਅਤੇ ਵੈਣਾਂ ਰਾਹੀਂ ਦੁੱਖ ਜ਼ਾਹਿਰ ਕੀਤਾ ਜਾਂਦਾ ਹੈ।

ਅੱਜ ਦੇ ਭੌਤਿਕ ਵਾਦੀ ਯੁੱਗ ਵਿੱਚ ਮਨੁੱਖ ਦਾ ਮਸ਼ੀਨੀਕਰਨ ਹੋ ਗਿਆ, ਜਿਸ ਦੇ ਸਿੱਟੇ ਵਜੋਂ ਉਹ ਮਾਨਸਿਕ ਤਨਾਵ ਦਾ ਸ਼ਿਕਾਰ ਹੋ ਗਿਆ ਹੈ। ਅਜਿਹੀ ਅਵਸਥਾ ਵਿੱਚ ਜਦੋਂ 'ਸ਼ਬਦ ਕੀਰਤਨ' ਦਾ ਸੰਗੀਤ ਮਈ ਸਰਵਨ ਕੀਤਾ ਜਾਂਦਾ ਹੈ ਤੇ ਇਸ ਤਣਾਵ ਤੋਂ ਮਨੁੱਖ ਨੂੰ ਆਤਮਿਕ ਅਤੇ ਮਾਨਸਿਕ ਰੂਪ ਵਿੱਚ ਸੁੱਖ ਦਾ ਅਹਿਸਾਸ ਹੁੰਦਾ ਹੈ ਅਤੇ ਉਸ ਦੀ ਰੂਹ ਨੂੰ ਸ਼ਾਂਤੀ ਮਿਲਦੀ ਹੈ। ਸੰਗੀਤ ਦੇ ਇਸ ਪ੍ਰਭਾਵ ਦੀ ਪੁਸ਼ਟੀ ਕਰਦੇ ਹੋਏ 'ਐਡਵਰਡ ਪੋਡੋਲਸਕੀ' ਆਪਣੀ ਕਿਤਾਬ 'ਮਿਊਜ਼ਿਕ ਫਾਰ ਯੂਅਰ ਹੈਲਥ' ਵਿੱਚ ਲਿਖਦੇ ਹਨ ਕਿ, 'ਸੰਗੀਤ ਅਨੰਦ ਮਈ ਭਾਵਾਂ ਨੂੰ ਜਗਾ ਕੇ ਪਾਚਕ ਰਸ ਦੇ ਬਹਾਵ ਨੂੰ ਵਧਾਉਦਾ ਹੈ। ਇੰਨਾ ਹੀ ਨਹੀਂ ਸਗੋਂ ਮਨੋਵਿਗਿਆਨਿਕਾਂ ਦਾ ਮੰਨਣਾ ਹੈ ਕਿ ਸੰਗੀਤ ਮਨ ਦੀਆਂ ਤਿੰਨਾਂ ਅਵਸਥਾਵਾਂ ਚੇਤਨ, ਅਵਚੇਤਨ, ਅਚੇਤਨ, 'ਤੇ ਵੀ ਪ੍ਰਭਾਵ ਪਾਉਂਦਾ ਹੈ। 'ਹੰਸ ਰਾਜ ਤਾਵੀਆ' ਜੀ ਦੇ ਅਨੁਸਾਰ 'ਉਤੇਜਿਤ ਸੰਗੀਤ ਸੁਣਨ ਦੇ ਨਾਲ ਕਈ ਪੁਰਾਣੀਆਂ ਯਾਦਾਂ ਅਤੇ ਭਾਵ ਪੁਨਰ ਜੀਵਤ ਹੋ ਜਾਂਦੇ ਹਨ'। ਜਿਥੇ ਸੰਗੀਤ ਸੁਣਨ ਨਾਲ ਮਾਨਸਿਕ ਤਣਾਵ ਦੂਰ ਹੁੰਦਾ ਹੈ, ਉਥੇ ਸੰਗੀਤ ਦੇ ਮਾਧਿਅਮ ਨਾਲ ਕਈ ਰੋਗਾਂ ਤੋਂ ਛੁਟਕਾਰਾ ਪਾ ਕੇ ਆਪਣੇ ਸਰੀਰ ਨੂੰ ਅਤੇ ਮਨ ਨੂੰ ਤੰਦਰੁਸਤ ਵੀ ਰੱਖਿਆ ਜਾ ਸਕਦਾ ਹੈ। ਇਸੇ ਗੱਲ ਨੂੰ ਯਕੀਨੀ ਬਣਾਉਂਦੇ ਹੋਏ 'ਕੁਮਾਰ ਅੰਚਲ' ਇੱਕ ਲੇਖ ਵਿੱਚ ਲਿਖਦੇ ਹਨ ਕਿ 'ਨੌਜਵਾਨ ਸੁਰੀਲਾ ਅਤੇ

ਮਿੱਠਾ ਸੰਗੀਤ ਸੁਣਨ ਨਾਲ ਆਪਣੇ ਵਧੇ ਹੋਏ ਖ਼ੂਨ ਦੇ ਸੰਚਾਰ ਨੂੰ ਕਾਬੂ ਕਰ ਸਕਦੇ ਹਨ ਅਤੇ ਸਾਹ ਦੀ ਤਕਲੀਫ ਨੂੰ ਵੀ ਘੱਟ ਕਰ ਸਕਦੇ ਹਨ।' ਸੰਗੀਤ ਦੇ ਯੋਗਆਤਮਕ ਭਾਵ ਨੂੰ ਸਪਸ਼ਟ ਕਰਦੇ ਹੋਏ **'ਰਾਤੰਨਜਨਕਰ'** ਜੀ ਦਾ ਵੀ ਇਹੀ ਮੰਨਣਾ ਹੈ ਕਿ 'ਗਾਇਨ ਸੰਗੀਤ ਆਪਣੇ-ਆਪ ਵਿੱਚ ਇਕ ਯੋਗ ਕਿਰਿਆ ਹੈ ਜੋ ਸਵਾਸ ਨਿਰੰਤਰ ਨਿਅੰਤਰਨ ਵਿੱਚ ਰੱਖਣ ਲਈ ਵਧੇਰੇ ਸਹਾਈ ਹੁੰਦੀ ਹੈ।' ਆਲੱਟ ਸ਼ੂਗਰ ਦਾ ਵੀ ਇਹ ਮੰਨਣਾ ਹੈ ਕਿ 'ਸੰਗੀਤ ਵਿੱਚ ਰੋਗੀ ਦੇ ਸੰਵੇਗਆਤਮਕ ਅਤੇ ਮਾਨਿਸਕ ਪਹਿਲੂ ਨੂੰ ਜਾਗਰਤ ਕਰਨ ਦੀ ਤਾਕਤ ਹੁੰਦੀ ਹੈ। ਸੰਗੀਤ ਸੁਣਨ ਨਾਲ ਰੋਗੀ ਦੇ ਮਨ ਦੀ ਸਥਿਤੀ ਬਦਲ ਜਾਂਦੀ ਹੈ ਜਿਸ ਨਾਲ ਉਸ ਦੇ ਮਨ ਦੀਆਂ ਬਿਰਤੀਆਂ ਨੂੰ ਚੰਗੇ ਪਾਸੇ ਲਾਇਆ ਜਾ ਸਕਦਾ ਹੈ।' ਇਨਾਂ ਹੀ ਨਹੀਂ ਸਗੋਂ ਸੰਗੀਤ ਦਾ ਅੱਖਾਂ ਉੱਤੇ ਪ੍ਰਭਾਵ ਵੀ ਸਪਸ਼ਟ ਕਰਦੇ ਹੋਏ 'ਪੋਡੋਲਸਕੀ' ਇੱਕ ਲੇਖ 'ਮਿਊਜ਼ਿਕ ਐਂਡ ਮੈਂਟਲ ਹੈਲਥ' ਵਿੱਚ ਲਿਖਦੇ ਹਨ ਕਿ 'ਇਕ ਆਦਮੀ ਜੋ ਆਪਣੀ ਪਤਨੀ ਦੀ ਮੌਤ ਦੇ ਸਦਮੇ ਕਾਰਨ 'ਹਿਸਟੀਰੀਆ' ਵਜੋਂ ਅੰਨਾ ਹੋ ਗਿਆ ਸੀ। ਉਸਦੇ ਉਪਚਾਰ ਲਈ ਇੱਕ ਪਿਆਨੋ ਵਾਦਕ ਨੇ ਤਿੰਨ ਦਿਨਾਂ ਦਾ ਸਫ਼ਲ ਪ੍ਰਯੋਗ ਕੀਤਾ ਜਿਸਦੇ ਸਿੱਟੇ ਵਜੋਂ ਰੋਗੀ ਦੀਆਂ ਅੱਖਾਂ ਦੀਆਂ ਨਸਾਂ ਢਿਲੀਆਂ ਹੋ ਜਾਣ ਕਰਕੇ ਉਹ ਦੇਖਣ ਯੋਗ ਹੋ ਗਿਆ।' ਪੋਡੋਲਸਕੀ ਇਕ ਹੋਰ ਉਦਾਹਰਣ ਦਿੰਦੇ ਹੋਏ ਲਿਖਦੇ ਹਨ ਕਿ 'ਦਸਾਂ ਸਾਲਾਂ ਦੇ ਇਕ ਅਸਾਧਰਣ ਰੂਪ ਤੋਂ ਚੰਚਲ ਬੱਚੇ ਉੱਤੇ ਸੰਗੀਤ ਦੇ ਪ੍ਰਭਾਵ ਨੂੰ ਦਰਸਾਉਂਦੇ ਹੋਏ ਉਸਦੀ ਮਾਂ ਦਾ ਕਹਿਣਾ ਸੀ ਕਿ ਫੋਨੋਗ੍ਰਾਮ ਤੇ ਸੰਗੀਤ ਸੁਣਦਾ ਹੋਇਆ ਉਹ ਕਈ ਘੰਟੇ ਖੜਾ ਰਹਿੰਦਾ ਸੀ। ਕੇਵਲ ਸੰਗੀਤ ਹੀ ਉਹ ਸ਼ਕਤੀ ਸੀ ਜਿਹੜੀ ਉਸਨੂੰ ਸ਼ਾਂਤ ਰਖਦੀ ਸੀ ਕੇਵਲ ਸੰਗੀਤ ਸੁਣਨ ਵੇਲੇ ਹੀ ਉਹ ਸਧਾਰਣ ਮਨੁੱਖ ਵਾਂਗ ਪ੍ਰਤੀਤ ਹੁੰਦਾ ਸੀ।' ਰਾਜਸਥਾਨ ਦੇ ਪ੍ਰਸਿੱਧ ਸੰਗੀਤਕਾਰ ਪੰਨਾ ਲਾਲ ਆਪਣੇ ਤਜ਼ਰਬੇ ਅਨੁਸਾਰ ਕਈ ਰਾਗਾਂ ਦਾ ਵੱਖਰੇ-ਵੱਖਰੇ ਅਜਿਹੇ ਕਈ ਰੋਗਾਂ ਉੱਤੇ ਪ੍ਰਭਾਵ ਨੂੰ ਮਹਿਸੂਸ ਕਰਦੇ ਹਨ ਜਿਹਨਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:

| | | |
|---|---|---|
| ਰਾਗ ਬਿਭਾਸ | = | ਕਫ਼, ਸਿਰਦਰਦ ਅਤੇ ਬੁਖਾਰ ਲਈ ਉਪਯੋਗੀ |
| ਭੈਰਵ | = | ਕਫ਼ ਨਾਸ਼ਕ |
| ਆਸਾਵਰੀ | = | ਸਿਰ ਦਰਦ ਤੇ ਪ੍ਰਭਾਵਕਾਰੀ |
| ਧਨਾਸਰੀ | = | ਉਤਸ਼ਾਹ ਵਰਧਕ, ਕਫ਼ ਨਾਸ਼ਕ |
| ਸਾਰੰਗ | = | ਪਿਤ ਨਾਸ਼ਕ, ਬੁਖਾਰ ਆਉਣ ਤੇ ਪਸੀਨਾ ਲਿਆਉਂਦਾ ਹੈ |
| ਕਾਨੜ੍ਹਾ | = | ਪੇਟ ਦੇ ਰੋਗਾਂ ਲਈ ਉਪਯੋਗੀ |

ਉਪਰ ਦਿੱਤੀਆਂ ਸਾਰੀਆਂ ਉਦਾਹਰਣਾਂ ਦੇ ਆਧਾਰ ਤੇ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸੰਗੀਤ ਕਲਾ ਸਾਰੀਆਂ ਲਲਿਤ ਕਲਾਵਾਂ ਵਿੱਚ ਵਧੇਰੇ ਪ੍ਰਭਾਵਕਾਰੀ ਹੈ। ਕਿਉਂਕਿ ਇਹ ਮਨੁੱਖ ਦੀ ਵਧੇਰੇ ਗਿਆਨ ਇੰਦਰੀਆਂ ਨੂੰ ਆਪਣੇ ਵਿੱਚ ਸ਼ਾਮਿਲ ਕਰਕੇ ਤਣਾਵ ਦੂਰ ਕਰਕੇ ਧਿਆਨ ਇਕਾਗਰ ਕਰਦੀ ਹੈ। ਇਹੀ ਕਾਰਣ ਹੈ ਕਿ ਪ੍ਰਾਚੀਨ ਕਾਲ ਤੋਂ ਹੀ ਸੰਗੀਤ ਨੂੰ ਪੀਰਾਂ, ਫਕੀਰਾਂ, ਸਾਧੂ ਸੰਤਾਂ ਅਤੇ ਅਵਤਾਰੀ ਪੁਰਸ਼ਾਂ ਨੇ ਉਸ ਅਕਾਲ ਪੁਰਖ ਨੂੰ ਪਾਉਣ ਦਾ ਇਕ ਉੱਤਮ ਜ਼ਰੀਆ ਮੰਨਿਆ ਹੈ। ਇਸ ਚੀਜ਼ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਗੁਰੂ ਸਾਹਿਬਾਨ ਨੇ ਸਮੁੱਚੀ ਬਾਣੀ ਨੂੰ ਰਾਗ ਅਧੀਨ ਰੱਖਿਆ। ਜਿੱਥੇ ਸੰਗੀਤ ਦਾ ਮਨੁੱਖ ਦੇ ਉੱਤੇ ਪ੍ਰਭਾਵ ਹੈ ਉੱਥੇ ਇਸਦੇ ਪ੍ਰਭਾਵ ਤੋਂ ਪਸ਼ੂ, ਪੰਛੀ, ਜਾਨਵਰ ਵੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ।

### ਸੰਗੀਤ ਦਾ ਪਸ਼ੂ-ਪੰਛੀਆਂ ਤੇ ਪ੍ਰਭਾਵ

ਮਨੁੱਖ ਤੋਂ ਇਲਾਵਾ ਪਸ਼ੂ ਪੰਛੀ ਵੀ ਸੰਗੀਤ ਦਾ ਆਨੰਦ ਮਾਣਦੇ ਹਨ ਅਤੇ ਚੰਗੇ-ਮਾੜੇ ਦੀ ਪ੍ਰਤੀਕਿਰਿਆ ਵੀ ਕਰਦੇ ਹਨ ਇਸ ਦੀਆਂ ਉਦਾਹਰਣਾਂ ਸਾਨੂੰ ਅਤਿ ਪ੍ਰਾਚੀਨ ਕਾਲ ਤੋਂ ਹੀ ਵੇਖਣ ਨੂੰ ਮਿਲਦੀਆਂ ਹਨ ਜਿਵੇਂ ਭਗਵਾਨ ਸ੍ਰੀ ਕ੍ਰਿਸ਼ਨ ਦੇ ਬੰਸਰੀ ਵਾਦਨ ਤੇ ਗਊਆਂ ਦਾ ਜਮ੍ਹਾ ਹੋ ਜਾਣਾ ਅਤੇ ਸਵਾਮੀ ਹਰੀ ਦਾਸ ਜੀ ਦੇ ਗਾਇਨ ਤੋਂ ਪ੍ਰਭਾਵਿਤ ਹੋ ਕੇ ਸਾਰੇ ਜਾਨਵਰਾਂ ਦਾ ਇਕੱਠਾ ਹੋ ਕੇ ਬੈਠਣਾ ਅਤੇ ਤਾਨਸੇਨ ਦੇ ਗਾਇਨ ਤੋਂ ਪ੍ਰਭਾਵਿਤ ਹੋ ਕੇ ਹਿਰਨਾਂ ਦਾ ਇਕੱਠਾ ਹੋ ਜਾਣਾ ਤੇ ਉਸਦਾ ਗਾਇਨ ਸੁਨਣਾ ਆਦਿ। 'ਅਕਬਰ ਕਾਲ ਵਿੱਚ ਤਾਨਸੇਨ ਸਰਵਸਰੇਸ਼ਟ ਗਾਇਕ ਮੰਨੇ ਜਾਂਦੇ ਸਨ। ਬੈਜੂ ਬਾਵਰਾ ਵੀ ਉਹਨਾਂ ਦਾ ਸਮਕਾਲੀ ਸੀ। ਇਨ੍ਹਾਂ ਦੋਨਾਂ ਦੀ ਇੱਕ ਪ੍ਰਤੀਯੋਗਤਾ ਬਾਰੇ ਕਈ ਵਿਦਵਾਨਾਂ ਨੇ ਆਪਣੀਆਂ ਕਿਤਾਬਾਂ ਵਿਚ ਲਿਖਿਆ ਹੈ ਕਿ ਦੋਹਾਂ ਵਿੱਚ ਇੱਕ ਗਾਇਨ ਮੁਕਾਬਲਾ ਹੋਇਆ, ਜਿਸ ਵਿੱਚ ਤਾਨਸੇਨ ਦਾ ਗਾਣਾ ਸੁਣ ਕੇ ਕਈ ਹਿਰਣ ਵਨ ਵਿੱਚ ਆ ਗਏ ਅਤੇ ਗਾਣਾ ਸੁਨਣ ਲਗੇ, ਜਿਨ੍ਹਾ ਵਿਚੋਂ ਇਕ ਹਿਰਨ ਦੇ ਗਲੇ ਵਿੱਚ ਤਾਨਸੇਨ ਨੇ ਫੁੱਲਾਂ ਦਾ ਹਾਰ ਪਾ ਦਿੱਤਾ ਗਾਣਾ ਖਤਮ ਹੁੰਦੇ ਹੀ ਸਭ ਹਿਰਨ ਵਾਪਿਸ ਚਲੇ

ਗਏ। ਜਦੋਂ ਬੈਜੂ ਦੇ ਗਾਉਣ ਦੀ ਵਾਰੀ ਆਈ ਤਾਂ ਉਸਨੇ ਗਾ ਕੇ ਉਸੇ ਹਿਰਨ ਨੂੰ ਬੁਲਾ ਲਿਆ ਜਿਸਦੇ ਗਲ ਵਿੱਚ ਫੁੱਲਾਂ ਦਾ ਹਾਰ ਸੀ ਤੇ ਉਸ ਹਾਰ ਨੂੰ ਗਲੇ ਵਿਚੋਂ ਲਾਹ ਕੇ ਤਾਨਸੇਨ ਨੂੰ ਪੇਸ਼ ਕਰ ਦਿੱਤਾ' ਆਧੁਨਿਕ ਯੁੱਗ ਵਿੱਚ ਦੇਖੀਏ ਤੇ ਕਈ ਉਦਾਹਰਣਾਂ ਅਜਿਹੀਆਂ ਵੇਖਣ ਨੂੰ ਮਿਲਦੀਆਂ ਹਨ। ਪੰਡਤ 'ਜਗਦੀਸ ਨਾਰਾਇਣ' ਪਾਠਕ ਆਪਣੀ ਕਿਤਾਬ 'ਸੰਗੀਤ ਨਿਬੰਧ ਮਾਲਾ' ਵਿੱਚ ਲਿਖਦੇ ਹਨ, 'ਮੇਹਰ ਦੇ ਉਸਤਾਦ ਅਲਾਉਦੀਨ ਖਾਂ ਸਾਹਿਬ ਇਕ ਦਿਨ ਸਰੋਦ 'ਤੇ ਕਿਸੇ ਰਾਗ ਦਾ ਅਭਿਆਸ ਕਰ ਰਹੇ ਸਨ ਕਿ ਇੱਕ ਕਾਲਾ ਸੱਪ ਉਹਨਾਂ ਦੇ ਕੋਲ ਆ ਕੇ ਬੈਠ ਗਿਆ ਪਰ ਉਹ ਆਪਣੇ ਅਭਿਆਸ ਵਿੱਚ ਮਗਨ ਸਨ, ਜਦੋ ਉਹਨਾਂ ਨੇ ਸਰੋਦ ਵਜਾਉਣਾ ਬੰਦ ਕੀਤਾ ਤਾਂ ਦੇਖਿਆ ਕਿ ਸੱਪ ਬੜੇ ਸ਼ਾਂਤ ਭਾਵ ਨਾਲ ਵਾਪਿਸ ਚਲਾ ਗਿਆ। ਦੂਜੇ ਦਿਨ ਵੀ ਇਹ ਘਟਨਾ ਕੁਝ ਦਰਸ਼ਕਾਂ ਸਾਹਮਣੇ ਘਟੀ।' ਇਸ ਤੋਂ ਇਲਾਵਾ 'ਅਮਰੀਕਾ ਵਿਚ ਗਊਆਂ ਦੇ ਵਧੇਰੇ ਦੁੱਧ ਦੇਣ ਸੰਬੰਧੀ ਸੰਗੀਤ ਦਾ ਪ੍ਰਯੋਗ ਕੀਤਾ ਗਿਆ ਤਾਂ ਪਾਇਆ ਗਿਆ ਕਿ ਗਊਆ ਦੇ ਦੁੱਧ ਚੋਣ ਸਮੇਂ ਉਹਨਾਂ ਨੂੰ ਸੰਗੀਤ ਸੁਣਾਇਆ ਜਾਂਦਾ ਸੀ ਤਾਂ ਉਹ ਬਿਨਾਂ ਹਿਲਜੁਲ ਕੀਤੇ ਸ਼ਾਂਤ ਭਾਵ ਦੇ ਨਾਲ ਪਹਿਲੇ ਤੋਂ ਵਧੇਰਾ ਦੁੱਧ ਦੇਣ ਲੱਗੀਆਂ।' ਇਹ ਹੀ ਨਹੀਂ ਸਗੋਂ ਕਈ ਹਿੰਸਕ ਜਾਨਵਰਾਂ ਤੇ ਵੀ ਸੰਗੀਤ ਦਾ ਪ੍ਰਭਾਵ ਵੇਖਿਆ ਗਿਆ। ਜਿਵੇਂ 'ਦਰਿਆਈ ਘੋੜਾ ਤੇ ਗੈਂਡਾ ਆਪਣੀ ਗਹਿਰੀ ਨੀਂਦ ਦੇ ਲਈ ਪ੍ਰਸਿੱਧ ਹਨ। ਉਹਨਾਂ ਨੂੰ ਜਗਾਉਣ ਸੰਬੰਧੀ ਸੰਗੀਤ ਦਾ ਸਫ਼ਲ ਪ੍ਰਭਾਵ ਦੇਖਿਆ ਗਿਆ। ਉਹ ਸੰਗੀਤ ਸੁਣਦੇ ਹੀ ਚੌਕੰਨੇ ਹੋ ਕੇ ਉਠ ਪਏ ਅਤੇ ਇੱਥੇ ਉਥੇ ਜਾਣ ਦੀ ਬਜਾਏ ਇਕੋ ਜਗ੍ਹਾ ਤੇ ਬੈਠ ਕੇ ਕਾਫੀ ਦੇਰ ਤਕ ਸੰਗੀਤ ਸੁਣਦੇ ਰਹੇ।' ਹੋਰ ਉਦਾਹਰਣ ਅਨੁਸਾਰ ਸੱਪ ਦਾ ਬੀਨ ਨੂੰ ਸੁਣਕੇ ਮਸਤ ਹੋ ਕੇ ਨਚਣਾ ਵੀ ਉਸ ਉੱਤੇ ਸੰਗੀਤ ਪ੍ਰਭਾਵ ਨੂੰ ਸਿੱਧ ਕਰਦੀ ਹੈ। 'ਅਬਦੁਲ ਕਰੀਮ ਖਾਂ ਸਾਹਿਬ' ਦਾ ਚਹੇਤਾ ਕੁੱਤਾ ਉਨ੍ਹਾਂ ਦੇ ਗਾਣੇ ਤੋਂ ਇੰਨਾ ਪ੍ਰਭਾਵਿਤ ਸੀ ਕਿ ਤਾਨਪੁਰਿਆਂ ਦੇ ਛਿੜਦੇ ਹੀ ਸ਼ੜਜ ਸੁਰ ਦੇ ਨਾਲ ਆਪਣਾ ਸੁਰ ਮਿਲਾਂਦਾ ਸੀ। ਇਕ ਹੋਰ ਉਦਾਹਰਣ ਵਿੱਚ 'ਪੰਡਿਤ ਉਂਕਾਰ ਨਾਥ ਠਾਕੁਰ ਜੀ ਦਾ ਲਖਨਊ ਦੇ ਚਿੜਿਆ ਘਰ ਵਿੱਚ ਸ਼ੇਰ ਜਿਹੇ ਖੂੰਖਾਰ ਅਤੇ ਭਿਆਨਕ ਜਾਨਵਰ ਉੱਤੇ ਕੋਮਲ ਗੰਧਾਰ ਦੇ ਵਿਸ਼ਿਸ਼ਟ ਪ੍ਰਯੋਗ ਦੁਆਰਾ ਕਾਬੂ ਪਾ ਲੈਣਾ ਇਕ ਪ੍ਰਸ਼ੰਸਾਯੋਗ ਪ੍ਰਯੋਗ ਹੈ।'

ਇਸ ਪ੍ਰਕਾਰ 'ਜਿੱਥੇ ਪਸ਼ੂਆਂ ਉੱਤੇ ਸੰਗੀਤ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ ਉਥੇ ਪੰਛੀ ਵੀ ਇਸ ਤੋਂ ਅਛੂਤੇ ਨਹੀਂ ਰਹਿੰਦੇ ਜਿਵੇਂ ਪੰਛੀਆਂ ਉਤੇ ਇਹ ਪ੍ਰਭਾਵ ਕਬੂਤਰਾਂ ਅਤੇ ਮੁਰਗੀਆਂ ਤੇ ਜਾਂਚਿਆ ਗਿਆ ਅਤੇ ਦੇਖਿਆ ਗਿਆ ਕਿ ਸੰਗੀਤ ਦੇ ਸ਼ੌਕੀਨ ਪੰਛੀ ਬੜੇ ਉਤੇਜਿਤ ਹੁੰਦੇ ਹਨ ਉਹਨਾਂ ਦੇ ਅੰਡੇ ਗਿਣਤੀ ਤੇ ਭਾਰ ਵਿਚ ਵਧੇਰੇ ਹੁੰਦੇ ਹਨ।' ਇਸ ਲਈ ਸੰਗੀਤ ਮਈ ਵਾਤਾਵਰਣ ਵਿੱਚ ਜਨਮੇ ਪੰਛੀ ਜਲਦੀ ਜਵਾਨ ਹੁੰਦੇ ਹਨ ਅਤੇ ਉਹਨਾਂ ਦੀ ਪ੍ਰਜਣਨ ਸ਼ਕਤੀ ਦੂਜਿਆਂ ਦੇ ਮੁਕਾਬਲੇ ਜ਼ਿਆਦਾ ਹੁੰਦੀ ਹੈ। ਉੱਪਰ ਦਿੱਤੀਆਂ ਉਦਾਹਰਣਾ ਤੋਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਸੰਗੀਤ ਮਨੁੱਖ ਤੇ ਹੀ ਨਹੀਂ ਦੁਨੀਆ ਦੇ ਹਰ ਇਕ ਜੀਵ ਤੇ ਆਪਣਾ ਪ੍ਰਭਾਵ ਪਾਉਂਦਾ ਹੈ।

**ਸੰਗੀਤ ਦਾ ਬਨਸਪਤੀ ਤੇ ਪ੍ਰਭਾਵ**

ਪੇੜ ਪੌਦਿਆ ਤੇ ਵੀ ਸੰਗੀਤ ਦਾ ਪ੍ਰਭਾਵ ਮਨੁੱਖ ਵਾਂਗ ਹੀ ਸਪੱਸ਼ਟ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਮਨੁੱਖ ਅਤੇ ਆਕਸੀਜਨ ਦੇ ਆਧਾਰ ਤੇ ਜਿਉਣ ਵਾਲੇ ਹੋਰ ਪ੍ਰਾਣੀਆਂ ਦਾ ਜੀਵਨ-ਆਧਾਰ ਇਹ ਬਨਸਪਤੀ ਹੀ ਹੈ। ਮਨੁੱਖ ਦੁਆਰਾ ਛੱਡੀ ਕਾਰਬਨਡਾਈਔਕਸਾਇਡ ਨੂੰ ਗ੍ਰਹਿਣ ਕਰਨ ਵਾਲੀ ਇਹ ਬਨਸਪਤੀ ਨਾ ਹੁੰਦੀ ਤਾਂ ਸਾਡਾ ਜੀਵਨ ਅਸੰਭਵ ਸੀ। ਮਨੁੱਖ ਲਈ ਇਨਾ ਮਹੱਤਵ ਰੱਖਣ ਵਾਲੀ ਬਨਸਪਤੀ ਨੂੰ ਸੰਗੀਤ ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ, ਇਸ ਸੰਬੰਧੀ ਵਰਣਨ ਇਸ ਤਰ੍ਹਾਂ ਹੈ।

ਪੰ: ਉਂਕਰ ਨਾਥ ਠਾਕੁਰ ਆਪਣੀ ਕਿਤਾਬ 'ਪ੍ਰਣਵ ਭਾਰਤੀ' ਵਿੱਚ ਲਿਖਦੇ ਹਨ ਕਿ 'ਉਹ ਇੱਕ ਦਿਨ ਬਨਸਪਤੀ ਸ਼ਾਸਤਰੀ 'ਸ਼ਾਸਤਰੀ ਜੇ ਸੀ ਬੋਸ' ਦੀ ਪ੍ਰਯੋਗਸ਼ਾਲਾ ਵਿੱਚ ਗਏ ਉਥੇ ਰਾਗ 'ਭੈਰਵੀ' ਗਾਉਣ ਤੋਂ ਪਹਿਲੇ ਯੰਤਰ ਰਾਹੀਂ ਪੌਦਿਆਂ ਦੀਆਂ ਪੱਤੀਆਂ ਦੀ ਅਵਸਥਾ ਨੂੰ ਵੇਖਿਆ ਅਤੇ ਰਾਗ ਗਾਇਨ ਤੋਂ ਬਾਅਦ ਪੱਤੀਆਂ ਤੇ ਆਈ ਚਮਕ ਨੂੰ ਯੰਤਰ ਰਾਹੀਂ ਜਾਚਿਆ।' ਇਸੇ ਤਰ੍ਹਾਂ ਇਕ ਹੋਰ ਬਨਸਪਤੀ ਸ਼ਾਸਤਰੀ 'ਟੀ ਸੀ ਇੰਨ ਜੀ ਸਿੰਘ' ਨੇ ਆਪਣੇ ਸਹਿਯੋਗੀ 'ਸੈਟੇਲਾ' (ਇੱਕ ਪ੍ਰਸਿੱਧ ਵਾਯਲਿਨ ਵਾਦਕ) ਦੇ ਨਾਲ ਮਿਲ ਕੇ ਪੇੜ ਪੌਦਿਆਂ ਉਤੇ ਕਈ ਪ੍ਰਯੋਗ ਕੀਤੇ। ਉਹਨਾਂ ਨੇ ਕੇਲੇ ਅਤੇ ਝੋਨੇ ਦੀ ਫਸਲ 'ਸੈਟੇਲਾ' ਦਾ ਨਿਰੰਤਰ ਵਾਇਲਨ ਵਾਦਨ ਸੁਣਾਇਆ ਤੇ ਨਤੀਜੇ ਵਜੋਂ ਇਹ ਪਾਇਆ ਕਿ ਉਹਨਾਂ ਦੇ ਉਤਪਾਦਨ ਤੇ ਪੈਦਾਵਾਰ ਵਿੱਚ ਵਧੇਰੇ ਵਾਧਾ ਹੋਇਆ।'

ਅੱਜ ਕੱਲ ਵਿਕਸਿਤ ਦੇਸ਼ਾਂ ਵਿੱਚ ਫ਼ਸਲਾਂ ਲਈ ਖਾਦ ਤੇ ਪਾਣੀ ਤੋਂ ਇਲਾਵਾ ਸੰਗੀਤ ਦਾ ਵੀ ਪ੍ਰਯੋਗ ਕੀਤਾ ਜਾਣ ਲੱਗ ਪਿਆ ਹੈ। ਇਸ ਦੇ ਸੰਬੰਧ ਵਿੱਚ 'ਮੱਕੀ' ਦੀ ਖੇਤੀ ਤੇ ਸੰਗੀਤ ਪ੍ਰਯੋਗ ਕਰਕੇ ਵਧੇਰੇ ਫ਼ਸਲ ਪੈਦਾ ਕਰਕੇ 'ਅਮਰੀਕਾ ਦੇ ਕਿਸਾਨ

ਜਾਰਜ ਸਿਮਿੱਥ ਨੇ ਅੰਤਰਰਾਸ਼ਟਰੀ ਪੱਧਰ ਤੇ ਆਪਣਾ ਨਾਮ ਬਣਾਇਆ ਹੈ।' 'ਕਈ ਹੋਰ ਵਿਗਿਆਨਿਕਾਂ ਦਾ ਇਹ ਵੀ ਮੰਨਣਾ ਹੈ ਕਿ ਸੰਗੀਤ ਦੁਆਰਾ ਬੀਜਾਂ ਦੇ ਪੁੰਗਰਣ ਤੇ ਵੀ ਵਧੇਰੇ ਅਸਰ ਪੈਂਦਾ ਹੈ। ਇੱਕ ਹੋਰ ਪ੍ਰਯੋਗ ਵਿੱਚ 'ਮਾਸਕੋ ਦੇ ਖੇਤੀ ਵਿਗਿਆਨਿਕਾਂ ਨੇ ਸੰਗੀਤ ਦੇ ਪ੍ਰਭਾਵ ਨਾਲ ਕਣਕ ਅਤੇ ਜੌਂ ਦੀ ਖੇਤੀ ਨੂੰ 10% ਤੋਂ 50% ਤੱਕ ਵਧਾਉਣ ਦੇ ਸਫ਼ਲ ਨਤੀਜੇ ਪਾਏ ਹਨ।' ਇਸੇ ਤਰ੍ਹਾਂ ਜਾਪਾਨ ਦੇ 'ਉਸਾਕਾ' ਸ਼ਹਿਰ ਵਿੱਚ ਵੱਸ ਰਹੇ ਖੇਤੀ ਵਿਗਿਆਨਿਕ 'ਯੋਸੀਤੋ ਉੱਸਾਈ' ਨੇ ਆਪਣੇ ਬਾਗੀਚੇ ਵਿੱਚ ਲੱਗੇ ਟਮਾਟਰ, ਚੁਕੰਦਰ, ਤਰਬੂਜ ਦੇ ਬੂਟਿਆ ਤੇ ਸੰਗੀਤ ਦੇ ਪ੍ਰਯੋਗ ਕੀਤੇ ਤੇ ਪਾਇਆ ਕਿ ਨਾ ਕੇਵਲ ਫ਼ਲਾਂ ਤੇ ਸ਼ਬਜੀਆਂ ਦਾ ਵਜ਼ਨ ਤੇ ਆਕਾਰ ਵਧਿਆ ਹੈ ਸਗੋਂ ਉਹਨਾਂ ਦੇ ਸੁਆਦ ਅਤੇ ਰਸਾਇਣਿਕ ਤੱਤਾਂ ਵਿੱਚ ਵੀ ਵਾਧਾ ਹੋਇਆ ਹੈ।' ਇੱਕ ਹੋਰ ਪ੍ਰਯੋਗ ਅਨੁਸਾਰ 'ਟੀ ਸੀ ਇਨ ਸਿੰਘ ਜੀ ਨੇ ਇੱਕ ਖੇਤ ਨੂੰ ਦੋ ਭਾਗਾਂ ਵਿੱਚ ਵੰਡਿਆ ਅਤੇ ਖਾਦ ਪਾਣੀ ਦੀ ਸਮਾਨਤਾ ਦੇ ਬਾਵਜੂਦ ਇਹ ਨਤੀਜਾ ਪਾਇਆ ਕਿ ਖੇਤ ਦੇ ਜਿਸ ਹਿੱਸੇ ਨੂੰ ਰੋਜ਼ ਸੰਗੀਤ ਸੁਣਾਇਆ ਜਾਂਦਾ ਸੀ, ਉਸ ਦੇ ਫ਼ਲ ਤੇ ਬੂਟੇ ਵਧੇਰੇ ਲੰਬੇ ਤੇ ਸੰਘਣੇ ਪੈਦਾ ਹੋਏ ਅਤੇ ਉਹਨਾ ਦਾ ਬੀਜ ਨਿਰਮਾਣ ਵੀ ਖੇਤ ਦੇ ਦੂਜੇ ਹਿੱਸੇ ਦੇ ਬੂਟਿਆ ਨਾਲੋਂ ਵਧੇਰੇ ਸੀ।' 'ਵਿਦੇਸ਼ਾ ਦੇ ਵਾਂਗ ਸਾਡੇ ਦੇਸ਼ ਵਿੱਚ ਵੀ ਅਜਿਹੇ ਕਈ ਪ੍ਰਯੋਗ ਕੀਤੇ ਜਾ ਰਹੇ ਹਨ। ਜਿਵੇਂ ਅਸਾਮ ਦੇ ਗੁਹਾਟੀ ਵਿੱਚ 'ਆਈ ਸੀ ਐੱਲ ਐੱਲ' ਦੇ ਪੰਜ ਏਕੜ ਦੇ ਖੇਤ ਵਿੱਚ ਕਰੀਬ ਇੱਕ ਲੱਖ ਬੂਟੇ ਨੂੰ ਰੋਜ਼ ਸਵੇਰੇ 7 ਵਜੇ ਤੋਂ 11 ਵਜੇ ਤੱਕ ਧਾਰਮਿਕ ਸੰਗੀਤ ਸੁਣਾਇਆ ਜਾਂਦਾ ਹੈ।' ਇੱਕ ਵਿਗਿਆਨਿਕ 'ਡੀ ਕੇ ਰੋਕਿਆ' ਇਹ ਦਾਅਵਾ ਕਰਦੇ ਹਨ ਕਿ ਜਦੋਂ ਤੋਂ ਪੇੜ ਪੌਦਿਆਂ ਨੂੰ ਸੁਰੀਲੇ ਸੰਗੀਤ ਦੀ ਖੁਰਾਕ ਦਿੱਤੀ ਜਾਣ ਲੱਗੀ ਹੈ, ਉਹਨਾਂ ਵਿੱਚ ਹੈਰਾਨ ਕਰ ਦੇਣ ਵਾਲੇ ਨਤੀਜੇ ਸਾਹਮਣੇ ਆਏ ਹਨ ਅਤੇ ਉਹਨਾਂ ਦੇ ਮਿਆਰ ਵਿੱਚ ਵੀ ਕਾਫ਼ੀ ਬਦਲਾਉ ਪਾਇਆ ਗਿਆ ਹੈ। 'ਗੇਦੇਂ ਦੇ ਫੁੱਲਾਂ ਦੀ ਉਚਾਈ ਵਾਯਲਿਨ ਤੇ ਵਜਾ ਕੇ ਰਾਗ 'ਮਾਇਆ ਮਾਲਵ ਗੋੜ' ਦੇ ਰਾਂਹੀ 40% ਵੱਧ ਗਈ ਅਤੇ ਗੰਨੇ ਦੇ ਪੌਦੇ ਨੂੰ ਕੇਵਲ ਪੰਚਮ ਸਵਰ ਸੁਣਾਉਣ ਤੇ ਇਸ ਦੀ ਉਚਾਈ 60% ਵੱਧ ਗਈ।' ਇਹ ਹੀ ਨਹੀਂ ਬਲਕਿ ਵਿਗਿਆਨਿਕਾਂ ਨੇ ਇਹ ਵੀ ਸਿੱਧ ਕੀਤਾ ਹੈ ਕਿ ਮਨੁੱਖ ਦੇ ਵਾਂਗ ਪੇੜ ਪੌਦਿਆਂ ਨੂੰ ਵੀ ਸੰਗੀਤ ਸੁਣਾਅ ਕੇ ਬਿਮਾਰ ਹੋਣ ਤੋਂ ਬਚਾਇਆ ਜਾ ਸਕਦਾ ਹੈ। ਉੱਪਰ ਦਿੱਤੀਆਂ ਉਦਾਹਰਨਾਂ ਤੋਂ ਸਾਫ਼-ਪਤਾ ਲੱਗਦਾ ਹੈ ਕਿ ਪੇੜ ਪੌਦਿਆਂ ਨੂੰ ਖਾਦ ਤੇ ਪਾਣੀ ਤੋਂ ਇਲਾਵਾ ਜੇਕਰ ਸੰਗੀਤ ਸੁਣਾਇਆ ਜਾਵੇ ਤੇ ਉਹਨਾਂ ਦੀ ਪੈਦਾਵਾਰ, ਵਜ਼ਨ ਤੇ ਗੁਣਾ ਨੂੰ ਹੋਰ ਵੀ ਵਧਾਇਆ ਜਾ ਸਕਦਾ ਹੈ। ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਸੰਗੀਤ ਜਿੰਨਾ ਪ੍ਰਭਾਵ ਮਨੁੱਖ ਅਤੇ ਪਸ਼ੂ ਪੰਛੀਆਂ ਤੇ ਜਾਨਵਰਾਂ ਤੇ ਪਾਉਂਦਾ ਹੈ, ਉਨਾ ਪ੍ਰਭਾਵ ਹੀ ਬਨਸਪਤੀ ਤੇ ਵੀ ਪਾਉਂਦਾ ਹੈ। ਨਾਦ ਤੱਤ ਵਿੱਚ ਅਜਿਹੀ ਅੰਤਰੀ ਤਾਕਤ ਮੌਜੂਦ ਹੈ। ਜਿਸ ਦੇ ਪ੍ਰਭਾਵ ਤੇ ਨਤੀਜੇ ਦ੍ਰਿਸ਼ ਰੂਪ ਵਿੱਚ ਸਾਨੂੰ ਵੇਖਣ ਨੂੰ ਮਿਲਦੇ ਹਨ।

ਸਹਾਇਕ ਸਮੱਗਰੀ

(1) ਏਡਵਰਡ ਪੋਡੋਲਸਕੀ, ਮਿਊਜ਼ਿਕ ਫਾਰ ਯੂਅਰ ਹੈਲਥ, ਪੰਨਾ. 88. (2) ਡਾ. ਪੂਨਮ ਦੱਤਾ, ਭਾਰਤੀਯ ਸੰਗੀਤ ਸ਼ਿਕਸ਼ਾ ਔਰ ਉਦੇਸ਼ਯ, ਪੰਨਾ. 113. (3) ਕੁਮਾਰ ਅੰਚਲ, ਸਮਾਚਾਰ ਪੱਤਰਿਕਾ, ਨਵ-ਭਾਰਤ, 'ਵਿਧਾਤਾ ਕੀ ਅਦਭੁਤ ਕ੍ਰਿਤੀ ਹੈ ਹਮਾਰਾ ਦਿਮਾਗ', ਮਿਤੀ 12-03-1997. (4) ਐਸ. ਐਨ. ਰਾਤੰਨਜਨਕਰ, ਐਸਥੇ ਐਕਪੇ ਆਫ਼ ਇੰਡਿਆਜ਼ ਮਿਊਜ਼ਿਕਲ ਹਰਟੀ, ਪੰਨਾ. 6.(5) ਡਾ. ਕਵਿਤਾ ਚੱਕਰਵਰਤੀ, ਭਾਰਤੀਯ ਸੰਗੀਤ ਕੀ ਮਨੋਵਿਗਿਆਨਿਕ ਪ੍ਰਿਸ਼ਠਭੂਮੀ, ਪੰਨਾ.168. (6) ਏਡਵਰਡ ਪੋਡੋਲਸਕੀ, ਮਿਊਜ਼ਿਕ ਫਾਰ ਯੂਅਰ ਹੈਲਥ, ਪੰਨਾ. 41-42.(7) ਉਹੀ, ਪੰਨਾ. 31. (8) ਰਜਨੀ ਅਪਸਿੰਗੇਕਰ, ਮਰਾਠੀ ਪੱਤ੍ਰਿਕਾ, ਲੋਕਪ੍ਰਭਾ, 'ਸੰਗੀਤ ਰੋਗੋਪਚਾਰ', ਮਿਤੀ 04-04-1997, ਪੰਨਾ.48 (9) ਸਤੀਸ਼ ਵਰਮਾਂ, ਸੰਗੀਤ ਚਿਕਿਤਸਾ, ਪੰਨਾ. 228. (10) ਪੰ. ਜਗਦੀਸ਼ ਨਰਾਇਣ ਪਾਠਕ, ਸੰਗੀਤ ਨਿਬੰਧ ਮਾਲਾ, ਪੰਨਾ. 116. (11) ਸੰਗੀਤ ਕਲਾ ਵਿਹਾਰ, ਜਨਵਰੀ 1961, ਪੰਨਾ.16. (12) ਅਚਾਰਯ ਸ੍ਰੀ ਰਾਮ ਸ਼ਰਮਾ, ਵਾਗਮਈ ਸ਼ਬਦ ਬ੍ਰਹਮ ਨਾਦ ਬ੍ਰਹਮ, ਪੰਨਾ. 5-36. (13) ਡਾ. ਅਰੁਣ ਬਾਗਰੇ, ਗਵਾਲੀਅਰ ਕੀ ਸੰਗੀਤ ਪ੍ਰੰਪਰਾ, ਪੰਨਾ. 170. (14) ਅਚਾਰਯ ਸ੍ਰੀ ਰਾਮ ਸ਼ਰਮਾ, ਵਾਗਮਈ ਸ਼ਬਦ ਬ੍ਰਹਮ ਨਾਦ ਬ੍ਰਹਮ, ਪੰਨਾ. 5-35.(15) ਪੰ. ਓਂਕਾਰ ਨਾਥ ਠਾਕੁਰ, ਪ੍ਰਣਬ ਭਾਰਤੀ, ਪੰਨਾ. 33. (16) ਸੰਗੀਤ ਪੱਤ੍ਰਿਕਾ, ਫਰਵਰੀ 1961, ਪੰਨਾ. 43. (17) ਅਚਾਰਯ ਸ੍ਰੀ ਰਾਮ ਸ਼ਰਮਾ, ਵਾਗਮਈ ਸ਼ਬਦ ਬ੍ਰਹਮ ਨਾਦ ਬ੍ਰਹਮ, ਪੰਨਾ.65. (18) ਅਚਾਰਯ ਸ੍ਰੀ ਰਾਮ ਸ਼ਰਮਾ, ਵਾਗਮਈ ਸ਼ਬਦ ਬ੍ਰਹਮ ਨਾਦ ਬ੍ਰਹਮ, ਪੰਨਾ.65. (19) ਉਹੀ., (20) ਅਚਾਰਯ ਸ੍ਰੀ ਰਾਮ ਸ਼ਰਮਾ ਏਵਮ ਸ੍ਰੀਮਤੀ ਭਗਵਤੀ ਸ਼ਰਮਾਂ, ਸਾਮਵੇਦ ਸੰਹਿਤਾ, ਪੰਨਾ. 10. (21) ਸ਼ਮਾਚਾਰ ਪੱਤ੍ਰਿਕਾ, ਨਈਂ ਦੁਨਿਆ, ਭਜਨ ਸੁਨਕਰ ਫਲਤੇ ਫੁਲਤੇ ਪੇੜ, ਮਿਤੀ 10-09-1998. (22) ਆਸ਼ਾ ਅਰਪਿਤ, ਸੰਗੀਤ ਮੈਗਜ਼ੀਨ, ਪੰਨਾ. 8-9.

**ਲੈਕਚਰਾਰ, ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਨਾਦ ਵਿਗਿਆਨ

## ਕਰਤਾਰ ਸਿੰਘ ਨੀਲਧਾਰੀ

ਸਿੱਖ ਧਰਮ ਦੇ ਦੋ ਤਖ਼ਤ ਸਥਾਪਿਤ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਬਾਲਾ ਜੀ ਨੂੰ ਲੋਕ ਸੁਖੀਏ ਕਰਨੇ ਵਾਲੇ ਲੰਗਰ ਤਖ਼ਤ (ਪੰਗਤ) ਦੇ ਸਹਿਯੋਗੀ ਬਣਾਇਆ ਅਤੇ ਭਾਈ ਮਰਦਾਨਾ ਜੀ ਨੂੰ ਪਰਲੋਕ ਸੁਹੇਲਾ ਕਰਨ ਵਾਲੇ ਕੀਰਤਨ ਤਖ਼ਤ (ਸੰਗਤ) ਦੇ ਪਹਿਲੇ ਸਹਿਯੋਗੀ ਬਣਾਇਆ। ਗੁਰੂ ਉਪਦੇਸ਼ (ਧੁਰ ਕੀ ਬਾਣੀ) ਬਾਣੀ ਸੰਗੀਤ ਬੱਧ ਹੋ ਕੇ ਪ੍ਰਗਟ ਹੋਈ ਤੇ ਸੰਗੀਤ ਬੱਧ ਕੀਰਤਨ ਰਾਹੀਂ ਇਸ ਦੇ ਨਿਰੱਖਰੀ ਸਰੂਪ (ਨਾਦ) ਤਕ ਪੁੱਜਣ ਦੀ ਕੀਰਤਨ ਜੁਗਤਿ ਨੂੰ ਸੰਗਤ ਦਾ ਨਿਤਨੇਮ ਬਣਾਇਆ ਗਿਆ। ਗਿਆਨ ਵਿੱਦਆ ਦੀ ਦੇਵੀ ਸਰਸਵਤੀ ਦੇ ਇਕ ਹੱਥ ਵਿਚ ਵੀਣਾ (ਸ਼ਬਦ) ਹੈ ਤੇ ਦੂਜੇ ਵਿਚ ਪੁਸਤਕ ਸ਼ਾਸਤਰ ਹੈ। ਇਸ ਤਰ੍ਹਾਂ ਗਿਆਨ ਦੀਆਂ ਦੋ ਧਾਰਾਵਾਂ ਦੱਸੀਆਂ ਗਈਆਂ ਹਨ। ਸ਼ਬਦ-ਸ਼ਾਸਤਰ ਰਾਹੀਂ ਸਾਡੇ ਵੀਚਾਰ ਤੇ ਭਾਵਨਾਵਾਂ ਉਜਾਗਰ ਹੁੰਦੀਆਂ ਹਨ। ਭਗਵਾਨ ਸ੍ਰੀ ਕ੍ਰਿਸ਼ਨ ਦੀ ਬਾਂਸੁਰੀ ਨੇ ਗੋਪੀਆਂ ਨੂੰ ਭਗਤੀ ਬੋਧ ਦਿੱਤਾ ਸੀ ਅਤੇ ਗੀਤਾ ਰਾਹੀਂ ਅਰਜੁਨ ਨੂੰ ਕਰਮ ਯੋਗ ਦਾ ਮਹੱਤਵ ਸਮਝਾਇਆ ਗਿਆ ਸੀ।

ਬੰਸਰੀ ਦੇ ਨਾਦ ਨਾਲ ਗੋਪੀਆਂ ਅੰਤਰਆਤਮੇ ਸ੍ਰੀ ਕ੍ਰਿਸ਼ਨ ਰੂਪ ਹੋ ਗਈਆਂ। ਸ੍ਰੀ ਕ੍ਰਿਸ਼ਨ ਤਾਂ ਇਕ ਵਾਰੀ ਬਰਿੰਦਾਬਨ ਛੱਡ ਕੇ ਗਏ ਤਾਂ ਮੁੜ ਕੇ ਪਿਛਾਂਹ ਨਹੀਂ ਦੇਖਿਆ। ਗੋਪੀਆਂ ਦੇ ਹਿਰਦੇਨਾਦ ਵਿਚ ਬੰਸਰੀ ਦਾ ਨਾਦ ਐਸਾ ਸਮਾ ਗਿਆ ਸੀ ਕਿ ਉਹਨਾਂ ਦੇ ਹਿਰਦੇ ਬੰਸਰੀ ਦਾ ਨਾਦ ਬਣ ਕੇ ਉਨ੍ਹਾਂ ਦੇ ਹਿਰਦੇ ਵਿਚ ਸਥਾਈ ਵੱਸ ਗਏ ਸਨ। ਗੁਰਬਾਣੀ ਕੀਰਤਨ ਅਤੇ ਨਾਮ ਜਪੁ ਦਾ ਲਕਸ਼ ਸਦਾ ਨਿਰਬਾਣ ਕੀਰਤਨ ਮਿਥਿਆ ਜਾਂਦਾ ਹੈ। ਨਿਰਬਾਣ ਕੀਰਤਨ ਅਨਹਦ ਨਾਦ ਹੈ ਜੋ ਹਿਰਦੇ ਵਿਚ ਸਵਾਸ-ਨਿਸ਼ਵਾਸ ਦੀ ਧੁਨੀ ਨੂੰ ਵਾਹਿਗੁਰੂ ਦੀ ਧੁਨੀ ਬਣਾ ਦੇਂਦਾ ਹੈ। ਪ੍ਰਾਨ ਦਾ ਨਾਮ ਨਾਨਾ ਹੈ ਅਤੇ ਅਗਨੀ ਨੂੰ ਦ ਕਹਿੰਦੇ ਹਨ। ਅਗਨੀ ਤੇ ਪ੍ਰਾਣਾਂ ਦੇ ਸੰਜੋਗ ਨਾਲ ਜੋ ਧੁਨੀ ਉਤਪੰਨ ਹੁੰਦੀ ਹੈ ਉਸ ਨੂੰ ਨਾਦ ਕਹਿੰਦੇ ਹਨ। ਅੱਜ ਕਲ ਸ਼ਾਸਤਰੀ ਸੰਗੀਤ ਅਤੇ ਸੁਗਮ ਸੰਗੀਤ ਰੂਪੀ ਦੋ ਸੰਗੀਤ ਕਹੇ ਜਾਂਦੇ ਹਨ। ਗੀਤ ਦੇ ਚਾਰ ਅੰਗ ਮੰਨੇ ਗਏ ਹਨ- ਸਵਰ (ਸੁਰ), ਪਦ ਲੈ ਅਤੇ ਮਾਰਗ) ਗਾਇਨ ਅਤੇ ਵਾਰਤਾਲਾਪ ਵਿਚ ਵੀ ਸ਼ਬਦ ਦਾ ਵਿਭਾਜਨ ਕੀਤਾ ਜਾਂਦਾ ਹੈ। ਇਸ ਨੂੰ ਮੇਯ ਪੱਖ ਤੇ ਵਾਕ-ਪੱਖ ਵੀ ਕਹਿੰਦੇ ਹਨ।

ਸੰਗੀਤ ਰਤਨਾਕਰ ਵਿਚ ਨਾਦ ਨੂੰ ਬਾਈ ਸ਼ਰੁਤੀਆਂ ਵਿਚ ਵੰਡਿਆ ਗਿਆ ਹੈ। ਇਹ ਸ਼ਰੁਤੀਆਂ ਕੰਨ ਨਾਲ ਅਨੁਭਵ ਕੀਤੇ ਜਾਣ ਵਾਲੀ ਵਿਸ਼ੇਸ਼ ਸ਼ਕਤੀਆਂ ਹਨ। ਇਹਨਾਂ ਬਾਈ ਧੁਨੀ ਸ਼ਰੁਤੀਆਂ ਨੂੰ ਸੱਤ ਸੁਰਾਂ ਨਾਲ ਜੋੜਿਆ ਗਿਆ ਹੈ। ਇਹ ਵੰਡ ਇਸ ਪ੍ਰਕਾਰ ਹੈ:

ਸ਼ਡਜ (ਸਾ) ਤੀਵ੍ਰਾ, ਕੁਮੁਦਿਤਿ, ਮੰਦਾ, ਛੰਦੋਵਤੀ।

ਰਿਸ਼ਭ (ਰੇ) ਦਯਾਵਤੀ, ਰੰਜਨੀ ਰਕਤਿਕਾ।

ਗਾਂਧਾਰ (ਗ) ਰੌਦਰੀ, ਕ੍ਰੋਧਾ।

ਮੱਧਮ (ਮ) ਵਜ੍ਰਿਕਾ, ਪ੍ਰਸਾਰਿਣੀ, ਪ੍ਰੀਤਿ, ਮਾਰਜਨੀ।

ਪੰਚਮ (ਪ) ਕਸ਼ਿਤੀ, ਰਕਤਾ, ਸੰਦੀਪਨੀ, ਅਲਾਪਿਨੀ।

ਧੈਵਤ (ਧ) ਮਦੰਤਿ, ਰੋਹਿਣੀ ਰੰਮਿਆ।

ਨਿਸ਼ਾਖ (ਨਿ) ਉਗ੍ਰਾ, ਕਸ਼ੋਭਿਣੀ

ਇਹ ਬਾਈਸ ਸ਼ਕਤੀਆਂ ਨੂੰ ਧੂਨੀ ਰਾਹੀਂ ਪੈਦਾ ਹੋਣ ਵਾਲੇ ਭੌਤਿਕ ਅਤੇ ਚੈਤਨਾਤਮਕ ਪ੍ਰਭਾਵ ਹੀ ਸਮਝਣਾ ਚਾਹੀਦਾ ਹੈ। ਜਿਸ ਤਰ੍ਹਾਂ ਔਸ਼ਧੀਆਂ ਦੇ ਸੁਚੱਜੇ ਯੋਗ ਮਿਸ਼ਰਣ ਦੇ ਪ੍ਰਭਾਵ ਨਾਲ ਰੋਗ ਠੀਕ ਹੁੰਦੇ ਹਨ। ਉਸੇ ਤਰ੍ਹਾਂ ਇਹਨਾਂ ਬਾਈ ਸ਼ਰੁਤੀਆਂ ਦੇ ਸੁਮੇਲ ਦਾ ਪ੍ਰਭਾਵ ਵਸਤੂਆਂ ਅਤੇ ਜੀਆਂ ਉੱਤੇ ਪੈਂਦਾ ਹੈ। ਇਹੋ ਨਾਦ ਬ੍ਰਹਮ ਦਾ ਰਹੱਸਮਈ ਵਿਗਿਆਨ (ਆਤਮ ਗਿਆਨ) ਹੈ। ਨਾਦ ਬ੍ਰਹਮ ਯੋਗੀ ਵੱਖ ਵੱਖ ਗੀਤਾਂ ਤੇ ਸਾਜਾਂ ਦੇ ਭਾਵਾਂ ਤੇ ਅੰਤਰ ਰਸ ਅਨੁਭਵਾਂ ਦੇ ਆਧਾਰ ਤੇ ਅੰਦਰ ਦੱਬੀਆਂ ਸ਼ਕਤੀਆਂ ਨੂੰ ਜਗਾਂਦੇ ਹਨ ਅਤੇ ਸੰਪਰਕ ਵਿਚ ਆਉਣ ਵਾਲੇ ਸ੍ਰੋਤਿਆਂ ਦੀ ਵਿਅਥਾ-ਦਰਦਾਂ ਨੂੰ ਦੂਰ ਕਰਦੇ ਸਨ। ਜੜ-ਚੇਤਨ ਪ੍ਰਕਿਰਤੀ ਨੂੰ ਪ੍ਰਭਾਵਿਤ ਕਰਕੇ, ਬੇਲੋੜੀ ਪ੍ਰਤੀਕੂਲ ਸਥਿਤੀਆਂ ਨੂੰ ਬਦਲਕੇ ਅਨੁਕੂਲ ਵਾਤਾਵਰਨ ਪੈਦਾ ਕਰਨ ਦੀ ਚਮਤਕਾਰੀ ਸਫਲਤਾ ਪ੍ਰਾਪਤ ਕਰਦੇ ਹਨ। ਇਸ ਤਰ੍ਹਾਂ ਨਾਦ ਯੋਗ ਇਕ ਉੱਚ ਕੋਟੀ ਦੀ ਯੋਗ ਸਾਧਨਾ ਮੰਨੀ ਗਈ ਹੈ। ਕੀਰਤਨ ਦੇ ਸਰੂਪ ਵਿਚ ਸਿੱਖ ਧਰਮ ਲਈ ਇਹ ਸਤਸੰਗਤੀ ਭਗਤੀ ਮਾਰਗ ਨਿਸ਼ਚਿਤ ਕੀਤਾ ਗਿਆ ਹੈ।

ਕੀਰਤਨ ਦੀ ਗੰਭੀਰਤਾ ਨਾਲ ਜੁੜੇ ਕੀਰਤਨੀਏ ਸ਼ਾਸਤਰੀ ਗੁਰਮਤਿ ਕੀਰਤਨ ਕਰਕੇ ਨਾਮਨਾ ਖੱਟਦੇ ਆਏ ਹਨ। ਰਿਸ਼ੀ ਆਤਮ ਸੁਖ ਸੰਤੋਖ ਵਿਚ ਸੰਗਤ ਨੂੰ ਨਿਹਾਲ ਕਰਦੇ ਹਨ। ਅਜਿਹੇ ਪ੍ਰੇਮੀ ਦਿਲ ਦੇ ਰੋਗ ਨਾਲ ਜਾਂ ਬਹੁਤੀ ਵਾਰ ਫੇਫੜਿਆਂ ਦੇ ਰੋਗਾਂ ਦੇ ਨਾਲ ਤਕਲੀਫ ਪਾਂਦੇ ਦੇਖੇ ਗਏ ਹਨ। ਕੁਝ ਕੀਰਤਨੀਏ ਦਿਮਾਗੀ ਨਸ ਦੇ ਫਟਣ ਨਾਲ ਕੀਰਤਨ ਤੋਂ ਵਾਂਝੇ ਹੋ ਜਾਂਦੇ ਹਨ। ਇਸ ਤਰ੍ਹਾਂ ਦੀ ਤਕਲੀਫਾਂ ਦੇ ਮੂਲ ਵਿਚ ਜਾਣ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਮਨੁੱਖ ਦਾ ਪ੍ਰਾਣ ਕੇਂਦਰ ਨਾਭੀ ਹੈ। ਮਾਂ ਦੇ ਗਰਭ ਵਿਚ ਬੱਚਾ ਚੌਥੇ ਮਹੀਨੇ ਨਾਭੀ ਦੀ ਨਾੜ (ਕਮਲ ਨਾਲ) ਰਾਹੀਂ ਸਾਹ ਲੈਂਦਾ ਹੈ ਤੇ ਇਸੇ ਰਾਹੀਂ ਖੁਰਾਕ ਪ੍ਰਾਪਤ ਕਰਦਾ ਹੈ। ਪ੍ਰਾਣਾਂ ਦੀ ਗੰਢ ਇਥੇ ਹੀ ਹੁੰਦੀ ਹੈ ਜਾਂ ਜੀਵਨ ਦਾ ਮੂਲ ਗੰਢ ਸਥਾਨ ਇਹ ਹੈ। ਯੋਗੀਆਂ ਨੂੰ ਜਦੋਂ ਪ੍ਰਾਣਾਯਾਮ ਸਿਖਾਇਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਨਾਭੀ ਤੋਂ ਸਾਹ ਲੈਣਾ ਸਿਖਾਇਆ ਜਾਂਦਾ ਹੈ। ਨਾਭੀ ਨੂੰ ਨੌਂ ਪ੍ਰਤੱਖ ਦੁਆਰਾਂ ਨਾਲ ਦਸਵਾਂ ਸਥੂਲ ਦੁਆਰ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਹਿਰਦੇ ਦੀ ਧੜਕਣ ਨੂੰ ਪ੍ਰਾਣੀ ਮਨੁੱਖ ਉਚਾ ਅਨਾਹਦ ਨਾਦ ਕਿਹਾ ਜਾਂਦਾ ਹੈ।

ਤੰਤ੍ਰ ਗ੍ਰੰਥਾਂ ਨੇ ਨਾਦ ਦੇ ਦੋ ਭੇਦ ਮੰਨੇ ਹਨ - ਆਹਤ ਅਤੇ ਅਨਾਹਤ ਅਤੇ ਅੱਗੋ ਇਹਨਾਂ ਦੇ ਅਨੇਕ ਭੇਦ-ਉਪਭੇਦ ਦੱਸੇ ਗਏ ਹਨ। ਤੰਤ੍ਰ ਗ੍ਰੰਥਾਂ ਅਨੁਸਾਰ ਯੋਗ ਦੇ ਛੇ ਚੱਕਰਾਂ ਵਿਚ ਵੱਖ ਵੱਖ ਅੱਖਰਾਂ ਦੀ ਹੋਂਦ ਮੰਨੀ ਗਈ ਹੈ। ਇਸ ਲਈ ਸ਼ਾਸਤਰੀ ਸੰਗੀਤ ਰਾਹੀਂ ਨਾਦ ਯੋਗ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਨਾਭੀ ਤੋਂ ਸਾਹ ਲੈਣ ਦਾ ਅਭਿਆਸ ਕੀਤਾ ਜਾਏ। ਆਰੋਹ ਦਾ ਆਰੰਭ ਨਾਭੀ ਤੋਂ ਹੋਵੇ ਅਤੇ ਅਵਰੋਹ ਨਾਭੀ ਤੇ ਹੋਵੇ। ਇਸ ਤਰ੍ਹਾਂ ਦੇ ਗਾਇਕਾਂ ਦੇ ਹਿਰਦੇ ਅਤੇ ਫੇਫੜਿਆਂ ਤੇ ਬਹੁਤ ਘੱਟ ਦਬਾਵ ਪਏਗਾ। ਪ੍ਰਾਣਾਯਾਮ ਕਰਨ ਵਾਲੇ ਜੇਕਰ ਨਾਭੀ ਤੋਂ ਸੁਆਸ-ਨਿਰਸੁਆਸ ਦੀ ਸਿੱਖਿਆ ਨਹੀਂ ਜਾਣਦੇ ਤਾਂ ਉਹਨਾਂ ਨੂੰ ਵੀ ਦਿਲ ਦੇ ਫੇਫੜਿਆਂ ਦੀ ਬੀਮਾਰੀਆਂ ਛੇਤੀ ਹੋ ਜਾਂਦੀਆਂ ਹਨ। ਭਾਈ ਚਾਂਦ ਨੂੰ ਵੀ ਫੇਫੜਿਆਂ ਦਾ ਰੋਗ ਹੋ ਗਿਆ ਸੀ। ਮੈਂ ਇਕ ਮਹਾਨ ਕੀਰਤਨੀਏ ਨੂੰ ਨਿਜੀ ਤੌਰ ਤੇ ਜਾਣਦਾ ਹਾਂ ਜਿਹਨਾਂ ਨੂੰ ਬ੍ਰੇਨ ਹੈਮਰੇਜ ਹੋਣ ਤੋਂ ਬਾਅਦ ਸਾਦੇ ਕੀਰਤਨ ਤਕ ਸੀਮਤ ਹੋਣਾ ਪਿਆ। ਨੁਸਰਤ ਫਤਹਿ ਅਲੀ ਖਾਂ ਦਿਲ ਦੇ ਆਘਾਤ ਨਾਲ ਗੁਜ਼ਰੇ ਸਨ। ਕਈ ਮਹਾਨ ਸੰਗੀਤਕਾਰ ਛਾਤੀ ਨਾਲ ਜੁੜੀ ਤ੍ਰਾਸਦੀ ਭਰੀ ਮੌਤ ਦੀ ਗੋਦ ਵਿਚ ਜਾਂਦੇ ਪੜ੍ਹੇ ਸੁਣੇ ਜਾਂਦੇ ਹਨ।

